Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਮਈ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਅਦੁੱਤੀ ਸ਼ਖ਼ਸ਼ੀਅਤ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲੇ



**''ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥''**

ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜਨਮ ਬਾਬਾ ਵਸਾਵਾ ਸਿੰਘ ਅਤੇ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਕੱਤਕ ਦੀ ਸੰਗਰਾਂਦ ਵਾਲੇ ਦਿਨ ਅਕਤੂਬਰ 1882 ਈ. (ਸੰਮਤ 1939) ਨੂੰ ਪਿੰਡ ਖੋੜੀ ਦੂਨਾ ਸਿੰਘ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਹੋਇਆ। ਸੰਤ ਬਾਬਾ ਪ੍ਰੇਮ ਸਿੰਘ ਜੀ ਤਕਰੀਬਨ 15 ਕੁ ਸਾਲ ਦੇ ਸਨ ਕਿ ਪਹਿਲੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਅਤੇ ਪਿੱਛੋਂ ਦਾਦਾ ਅਰੂੜ ਸਿੰਘ ਜੀ ਵੀ ਚੜ੍ਹਾਈ ਕਰ ਗਏ ਜੋ ਕਿ ਆਪ ਜੀ ਦੀ ਦੇਖ-ਰੇਖ ਕਰ ਰਹੇ ਸਨ। ਪਿਤਾ ਬਾਬਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਮਤਰੇਈ ਮਾਤਾ ਦੇ ਬਹੁਤ ਘਟੀਆ ਵਰਤਾਉ ਕਾਰਣ ਆਪ ਬਹੁਤ ਪ੍ਰੇਸ਼ਾਨ ਹੋਏ। ਇਕ ਭਾਈ ਰਾਮ ਸਿੰਘ, ਕੱਪੜਾ ਫੇਰੀ ਵਾਲੇ ਨਾਲ ਕੁਝ ਸਮਾਂ ਬਿਤਾਉਣ ਉਪਰੰਤ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਉਨ੍ਹਾਂ ਦਾ ਪ੍ਰਭਾਵ ਧੁਰ ਅਸਰ ਕਰ ਗਿਆ। ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਡੇਰੇ, ਜੋ ਕਿ ਨਿਰਮਲੇ ਸੰਤਾਂ ਦਾ ਡੇਰਾ ਸੀ ਵੱਲੋਂ ਮਹਾਂਪੁਰਖ ਸੰਤ ਬਾਬਾ ਅਮੀਰ ਸਿੰਘ ਮੁਰਾਲੇਵਾਲੇ ਵਲੋਂ ਗੱਦੀ ਨਸ਼ੀਨ ਹੋਏ ਸਨ। ਇਸ ਤਰ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਬਣ ਗਏ। ਆਪ ਜੀ ਨੇ ਡੇਰੇ ਰਹਿੰਦੇ ਹੋਏ ਪਾਣੀ ਦੀ, ਮਹਾਂਪੁਰਖ ਦੇ ਇਸ਼ਨਾਨ ਦੀ, ਬਿਸਤਰਿਆਂ ਦੀ, ਲੰਗਰ ਛਕਾਉਣ, ਝਾੜੂ ਸਫ਼ਾਈ, ਜੂਠੇ ਭਾਂਡਿਆਂ ਦੀਆਂ ਸੇਵਾਵਾਂ ਕਾਰਨ ਸੰਤਾਂ ਅਤੇ ਸੰਗਤਾਂ ਦੇ ਅਸ਼ੀਰਵਾਦ ਲੈਂਦੇ ਰਹੇ।

**''ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥**
**ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥''**
**ਕਬੀਰ ਸੇਵਾ ਕੋ ਦੁਇ ਭਲੇ, ਏਕੁ ਸੰਤ ਏਕ ਰਾਮ ॥**
**ਰਾਮ ਜੁ ਦਾਤਾ ਮੁਕਤਿ ਕੋ, ਸੰਤ ਜਪਾਵੈ ਨਾਮਿ ॥**

ਉਪਰੰਤ ਆਪ ਜੀ ਦੇਰ ਰਾਤ ਵੀ ਸੇਵਾ ਵਿਚ ਰੁਝੇ ਰਹਿੰਦੇ ਹੋਏ ਚੱਕੀ ਨਾਲ ਆਟਾ ਪੀਂਹਦੇ ਅਤੇ ਆਸਾ ਦੀ ਵਾਰ ਸਮੇਂ ਆਟਾ ਰੋਜ਼ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਜਾਂਦਾ ਸੀ - **''ਪੀਸਨਿ ਪੀਸ ਓਢਿ ਕਾਮਰੀ ਸੁਖੁ ਮਨੁ ਸੰਤ ਥਾਏ ॥''**

ਕਈ ਵਾਰ ਭਜਨ ਬੰਦਗੀ ਵਿਚ ਲੀਨ ਹੋਣ ਕਾਰਨ ਚੱਕੀ ਆਪ ਹੀ ਚੱਲਦੀ ਸੀ। ਆਪ ਜੀ ਸੰਤਾਂ ਦੀ ਆਗਿਆ ਨਾਲ ਅੰਮ੍ਰਿਤਸਰ ਵਿਖੇ ਸੰਤ ਬਾਬਾ ਉਤਮ ਸਿੰਘ ਦੀ ਅਗਵਾਈ ਵਿਚ ਸੱਤੋ ਦੀ ਗਲੀ ਜਾ ਕੇ ਡੇਰਾ ਲਾਇਆ। ਉਥੇ ਹੀ ਗਿਆਨੀ ਅਮੀਰ ਸਿੰਘ ਪਾਸੋਂ ਭਗਤ ਬਾਣੀ, ਕੁਝ ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਆਪ ਜੀ ਨੇ ਪ੍ਰਾਪਤ ਕੀਤੀਆਂ। ਉਥੇ ਹੀ ਆਪ ਜੀ ਨੇ ਹਜ਼ੂਰੀ ਰਾਗੀ ਦਰਬਾਰ ਸਾਹਿਬ ਕੀਰਤਨੀਏ ਭਾਈ ਮੱਖਣ ਸਿੰਘ ਅਤੇ ਸੰਤ ਮਿਸ਼ਰਾ ਸਿੰਘ ਪਾਸੋਂ ਵਾਜਾ ਅਤੇ ਕੀਰਤਨ ਸਿਖਦੇ ਰਹੇ ਅਤੇ ਚੰਗਾ ਕੀਰਤਨ ਕਰਨ ਲੱਗ ਪਏ। ਆਪ ਜੀ ਮੁੜ ਸੰਤ ਬਾਬਾ ਬਿਸ਼ਨ ਸਿੰਘ ਜੀ ਦਾ ਸੁਨੇਹਾ ਪੁੱਜਣ ਤੇ ਵਾਪਸ ਮੁਰਾਲੇ ਪੁੱਜ ਗਏ।

ਸੰਤ ਪ੍ਰੇਮ ਸਿੰਘ ਜੀ ਡੇਰੇ ਪੁੱਜ ਕੇ ਪਹਿਲਾਂ ਵਾਂਗ ਸੇਵਾ ਵਿਚ ਜੁੜ ਗਏ। ਸੰਤ ਪ੍ਰੇਮ ਸਿੰਘ ਜੀ ਨੇ ਪ੍ਰੇਮ ਨਾਲ, ਲਗਨ ਨਾਲ ਸੇਵਾ ਕਰਦੇ ਹੋਏ ਸੰਤ ਬਾਬਾ ਬਿਸ਼ਨ ਸਿੰਘ ਦੇ ਪਿਆਰੇ ਬਣ ਗਏ। ਸੰਤਾਂ ਪਾਸ ਹੋਰ ਵੀ ਹੋਣਹਾਰ ਵਿਦਿਆਰਥੀ ਰਹਿੰਦੇ ਸਨ ਜਿਵੇਂ ਕਿ ਸ੍ਰੀਮਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਮਾਸਟਰ ਈਸ਼ਰ ਸਿੰਘ ਜੀ ਤਰਨਤਾਰਨ ਸਾਹਿਬ ਵਾਲੇ ਇਤਿਆਦਿ। ਇਹਨਾਂ ਸਭ ਮਹਾਂਪੁਰਖਾਂ ਕਰਕੇ ਟਕਸਾਲ ਦੀ ਸਿੱਖ ਪੰਥ ਵਿਚ ਬਹੁਤ ਮਸ਼ਹੂਰੀ ਹੋਈ।

ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਅਮੀਰ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਧਾਰਮਿਕ ਸਮਾਗਮ 13, 14, 15 ਭਾਦਰੋਂ ਨੂੰ ਕਰਵਾਇਆ, ਜਿਸ ਵਿਚ ਬੜੇ-ਬੜੇ ਗੁਣੀ-ਗਿਆਨੀ, ਕਥਾਵਾਚਕ, ਪ੍ਰਸਿੱਧ ਕੀਰਤਨੀਏ ਰਾਗੀ, ਰਬਾਬੀ ਪੁੱਜੇ ਸਨ। ਇਸ ਤੋਂ ਇਲਾਵਾ ਨਿਰਮਲੇ ਭੇਖ ਦੇ ਸੰਤ-ਮਹੰਤ ਅਤੇ ਸਭ ਸੰਤਾਂ ਨਾਲ ਭਾਰੀ ਇਕੱਠ ਵਿਚ ਸਲਾਹ ਕਰਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਚੋਣ ਕੀਤੀ ਅਤੇ ਅਗਸਤ 1905 (ਭਾਦਰੋਂ 1962, ਸੰਮਤ) ਨੂੰ ਸੰਤ ਪ੍ਰੇਮ ਸਿੰਘ ਜੀ ਦੇ ਸਿਰ ਤੇ ਮਰਯਾਦਾ ਅਨੁਸਾਰ ਪੰਜ ਦਸਤਾਰਾਂ ਬੰਨ੍ਹ ਕੇ

ਮੁਰਾਲੇ ਡੇਰੇ ਦੀ ਗੱਦੀ ਤੇ ਅਸਥਾਪਨ ਕਰ ਦਿੱਤਾ। ਆਪ ਜੀ ਦੀ ਉਸ ਵੇਲੇ ਉਮਰ 23 ਸਾਲ ਸੀ। ਸੰਤ ਬਿਸ਼ਨ ਸਿੰਘ ਜੀ ਤਕਰੀਬਨ ਦੋ (2) ਸਾਲ ਬਾਅਦ ਵਿਚ ਸੇਵਾ, ਭਜਨ, ਸਿਮਰਨ, ਮਹਾਨ ਤਪੱਸਿਆ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤੇ ਅਥਾਹ ਸ਼ਰਧਾ ਸੀ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸ ਗੁਰੂਆਂ ਦੀ ਪ੍ਰਤੱਖ ਜੋਤ ਕਰਕੇ ਮੰਨਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਹੀ ਸਭ ਕੰਮ ਸੰਗਤਾਂ ਨੂੰ ਨਾਲ ਲੈ ਕੇ ਕਰਦੇ ਸਨ। ਆਪ ਜੀ ਨੇ ਮੁਰਾਲੇ ਡੇਰੇ ਦੀ ਨਵੀਂ ਇਮਾਰਤ ਬਣਵਾਈ, ਸਿੱਖੀ ਦੇ ਪ੍ਰਚਾਰ ਲਈ ਬਹੁਤ ਯੋਗ ਉਪਰਾਲੇ ਕਰਕੇ ਸਿੱਖ ਸੰਸਥਾ ਦੀਆਂ ਸਿਰਮੌਰ ਕਮੇਟੀਆਂ ਵਿਚ ਸਥਾਨ ਪ੍ਰਾਪਤ ਕੀਤੇ, ਵਿਹਾਰ ਸੁਧਾਰ ਕਾਨਫਰੰਸਾਂ ਅਤੇ ਅਮਲੀ ਰੂਪ ਵਿਚ ਸੁਧਾਰ ਲਿਆਂਦੇ, ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ 1921 ਵਿਚ (ਹੁਣ ਪਾਕਿਸਤਾਨ) ਖੋਹਲਣਾ, ਬਾਬਕਵਾਲ ਹਾਈ ਸਕੂਲ, ਤਹਿਸੀਲ ਸ਼ਾਹਦਰਾ, ਸ਼ੇਖੂਪੁਰਾ (ਪਾਕਿਸਤਾਨ), ਖੋੜੀ ਦੂਨਾ ਸਿੰਘ, ਜ਼ਿਲ੍ਹਾ ਗੁਜਰਾਤ ਹਾਈ ਸਕੂਲ, ਸੰਤ ਪ੍ਰੇਮ ਸਿੰਘ ਹਾਈ ਸਕੂਲ ਭਟਨੂਰ ਜਲੰਧਰ 1946 ਵਿਚ, ਇਸ ਤੋਂ ਬਾਅਦ ਮਿਆਣੀ, ਨਡਾਲਾ, ਬੇਗੋਵਾਲ ਵਿਖੇ ਇਨ੍ਹਾਂ ਦੀ ਯਾਦ ਵਿਚ ਸਕੂਲ ਅਤੇ ਕਾਲਜ ਖੁੱਲ੍ਹੇ। ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਅਤੇ ਸੰਗਮਰਮਰ ਲੁਆਉਣਾ, ਅਕਾਲੀ ਲਹਿਰ ਵਿਚ ਹਿੱਸਾ ਲੈਣਾ, ਧਰਮ ਕਾਰਜਾਂ ਲਈ ਭਾਈ ਫੇਰੂ ਸਿੰਘ ਮੋਰਚੇ ਵਿਚ ਗ੍ਰਿਫ਼ਤਾਰੀ ਅਤੇ ਬੋਰਸਟਲ ਜੇਲ੍ਹ ਮੁਲਤਾਨ ਵਿਚ ਜਾਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ (1924 ਵਿਚ ਐਕਟ ਬਣਿਆ ਅਤੇ ਆਪ ਜੀ 1925-1950 ਅੰਤ ਸਮੇਂ ਤੱਕ ਲਗਾਤਾਰ ਮੈਂਬਰ ਬਣੇ ਰਹੇ) ਅਤੇ ਕੁਝ ਸਮਾਂ ਐਗਜ਼ੈਕਟਿਵ ਮੈਂਬਰ ਵੀ ਰਹੇ। ਆਪ ਜੀ ਦੀ ਦ੍ਰਿੜ੍ਹਤਾ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਡਾਲਡੇ ਘਿਉ ਦੀ ਜਗ੍ਹਾ ਦੇਸੀ ਘਿਉ ਦੇ ਕੜਾਹ ਪ੍ਰਸ਼ਾਦ ਦਾ ਭੋਗ ਲੱਗਣਾ ਸ਼ੁਰੂ ਹੋਇਆ। ਵਣਜਾਰਾ-ਲੁਬਾਣਾ ਕਾਨਫਰੰਸ ਅਲੀਗੜ੍ਹ ਨੇੜੇ ਵਿਚ ਭਾਗ ਲਿਆ ਅਤੇ ਸੰਤਾਂ ਦਾ ਹਾਥੀ ਰਾਹੀਂ ਸਵਾਰੀ ਕਰਾਕੇ ਲੋਕਾਂ ਵੱਲੋਂ ਕਿਹਾ ਗਿਆ ਕਿ

**"ਯੇਹ ਵਣਜਾਰੋਂ ਕਾ ਗੁਰੂ ਹੈ, ਪੰਜਾਬ ਸੇ ਆਇਆ ਹੈ"**

ਇਥੇ ਬਹੁਤ ਹਸਤੀਆਂ ਨਾਲ ਮਿਲਾਪ ਹੋਇਆ। ਬਾਬਾ ਬਕਾਲਾ ਬੁੰਗਾ ਅਤੇ ਬਰਾਦਰੀ ਦਾ ਨਨਕਾਣਾ ਬੁੰਗਾ ਬਨਾਉਣਾ, ਸਿਆਸੀ ਜੀਵਨ ਵਿਚ ਜਦੋਂ 1937 ਵਿਚ ਅੰਗਰੇਜ਼ ਸਰਕਾਰ ਨੇ ਸੂਬਿਆਂ ਵਿਚ ਅਤੇ ਕੇਂਦਰ ਵਿਚ ਹਿੰਦੋਸਤਾਨੀਆਂ ਨੂੰ ਚੋਣ ਕਰਕੇ ਨੁਮਾਇੰਦੇ ਭੇਜਣ ਦਾ ਐਲਾਨ ਕੀਤਾ ਤਾਂ ਆਪ ਜੀ ਗੁਜਰਾਤ ਅਤੇ ਸਰਗੋਧੇ ਦੇ ਸਾਂਝ ਚੋਣ ਹਲਕੇ ਤੋਂ ਪੰਥਕ ਸੇਵਾਵਾਂ ਕਰਕੇ ਕਾਫੀ ਵੱਧ ਵੋਟਾਂ ਲੈ ਕੇ ਜਿੱਤੇ ਅਤੇ 1945 ਤੱਕ ਮੈਂਬਰ ਰਹੇ। ਫਿਰ ਦੂਜੀ ਵਾਰ 1945 ਤੋਂ 1950 ਪੰਜਾਬ ਅਸੈਂਬਲੀ ਦੇ ਮੈਂਬਰ ਰਹਿ ਕੇ ਜੋ ਕੰਮ ਕੀਤੇ ਹਨ ਕਿਸੇ ਤੋਂ ਛੁਪੇ ਨਹੀਂ ਅਤੇ ਇਕ ਚਮਤਕਾਰ ਦੀ ਤਰ੍ਹਾਂ ਬਰਾਦਰੀ ਨੂੰ ਧਾਰਮਿਕ ਵਿਰਸਾ ਕਾਇਮ ਰੱਖਦੇ ਹੋਏ ਕਰਮਯੋਗੀ, ਦੂਰਅੰਦੇਸ਼ੀ, ਵਿੱਦਿਆ ਪ੍ਰਾਪਤੀ, ਨੌਕਰੀ, ਖੇਤੀ ਕਿੱਤਾ, ਮੁੜ ਵਸੇਬਾ, ਰਾਜਨੀਤਕ ਸਫਲਤਾ, ਸਮਾਜ ਸੁਧਾਰ ਗੁਰੂ ਆਸ਼ੇ ਮੁਤਾਬਕ ਦ੍ਰਿੜ੍ਹ ਕਰਵਾਉਣ, ਵਿਆਹ ਸੁਧਾਰ ਅਮਲੀ ਵਿਚ ਪ੍ਰੇਮ ਸਦਕਾ ਲਾਗੂ ਕਰਨੇ ਇਤਿਆਦਿ ਕੰਮ ਜੋ ਕੀਤੇ ਬਿਆਨਾਂ ਤੋਂ ਬਾਹਰ ਹਨ।

**"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ ਤੂ ਸਾਹਿਬ ਗੁਣੀ ਨਿਧਾਨਾ॥**
**ਤੁਮਰੀ ਮਹਿਮਾ ਬਰਨਿ ਨਾ ਸਾਕਉ ਤੂੰ ਠਾਕੁਰ ਊਚ ਭਗਵਾਨਾ॥"**

ਸੋ ਸਾਨੂੰ ਸਭ ਨੂੰ ਅਤੇ ਖਾਸ ਕਰਕੇ ਲੁਬਾਣਾ ਬਰਾਦਰੀ ਦੇ ਸੱਜਣਾਂ ਨੂੰ ਉਹਨਾਂ ਦੇ ਪੂਰਨਿਆਂ 'ਤੇ ਚੱਲ ਕੇ ਬਿਨ੍ਹਾਂ ਕਿਸੇ ਵਿਤਕਰੇ, ਪਾਰਟੀਬਾਜ਼ੀ, ਫੋਕੀ ਸ਼ੋਹਰਤ, ਨਸ਼ਿਆਂ ਤੋਂ ਲਾਂਭੇ ਹੋ ਕੇ, ਜਮਹੂਰੀਅਤ ਤਰੀਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਮਾਣੇ ਸੇਵਕ ਹੋ ਕੇ ਵਿਚਰਨਾ ਚਾਹੀਦਾ ਹੈ। ਆਪ ਜੀ ਸੰਤਾਂ ਦੇ ਜੀਵਨ ਤੋਂ ਸੇਧ ਲੈ ਕੇ ਵੇਖ ਸਕਦੇ ਹੋ ਕਿ ਸੰਗਤ, ਸਿਮਰਨ, ਲੋਕਾਈ ਦੀ ਭਲਾਈ, ਨਿਸ਼ਕਾਮ ਸੇਵਾ ਕਰਦੇ ਹੋਏ ਹਉਮੈਂ ਤੋਂ ਪਰੇ ਰਹਿ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹੋ।

**"ਜੀਆ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨਿ ਮਿਲਾਏ"**

ਗੁਰੂ ਸਭ ਨੂੰ ਸਮਰੱਥਾ ਬਖਸ਼ੇ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 51 | ਮਈ - 2016



1. ਮਜ਼ਦੂਰਾਂ ਨੂੰ ਆਪ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ 5
2. ਸਿੱਖ ਧਰਮ ਵਿਚ ਸ਼ਹੀਦੀ ਦਾ ਸੰਕਲਪ 6
3. ਗੁਰੂ ਘਰ ਦੀ ਦੇਗ ਦੇ ਕਮਾਲ ਦੇ ਫਾਇਦੇ 8
4. ਗੁਰਮਤਿ ਅਤੇ ਇਸਲਾਮ ਵਿਚ ਪਰਾਈ ਇਸਤਰੀ 9
5. ਤੰਦੂਰ ਇਕ ਰੋਟੀ ਲਾਉਣ ਵਾਲਾ ਸਾਧਨ ਹੀ ਨਹੀਂ ਸਗੋਂ ਆਪਸੀ ਭਾਈਚਾਰੇ ਦਾ ਪ੍ਰਤੀਕ ਵੀ ਹੁੰਦਾ ਸੀ! 11
6. ਦੀਵਾਨ ਸਿੰਘ ਮਹਿਰਮ 12
7. ਕਿਥੇ ਗਿਆ ਸਾਡਾ ਵਿਰਸਾ ਵੇ ਲੋਕੋ...? 13
8. ਦਿਸ਼ਾਹੀਣ ਹੋ ਰਹੀ ਹੈ ਪੰਜਾਬ ਦੀ ਨੌਜਵਾਨੀ 14
9. ਇਕ ਖੁਸ਼ ਸ਼ਹਿਜਾਦਾ 16
10. ਸ਼ੋਕ ਸਮਾਚਾਰ 21
11. ਕਹਾਣੀ (ਪੈਸੇ ਦੀ ਦੌੜ) 22
12. ਮਹਾਨ ਸਖ਼ਸ਼ੀਅਤ ਅਵਤਾਰ ਸਿੰਘ 26
13. ਸੂਰਜ ਅਜੇ ਨਹੀਂ ਚੜ੍ਹਿਆ 27
14. ਕਾਵਿ-ਕਿਆਰੀ 28
15. ਸਿਹਤ ਸੰਭਾਲ 29
16. ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਦੀ 66ਵੀਂ ਬਰਸੀ 30
17. Beware of contaminated food! 31
18. ਦਾਨੀ ਸੱਜਣਾਂ ਦੀ ਸੂਚੀ 33
19. List of Life Members of Baba Makhan Shah Lobana 36
20 List of Lobana Sewak Members of BMSL.... 39
21. Matrimonial 40



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

**1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼**

# ਮਜ਼ਦੂਰਾਂ ਨੂੰ ਆਪ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ



ਅੱਜ 1 ਮਈ ਨੂੰ ਅਸੀਂ ਬੜੇ ਮਾਣ ਨਾਲ ਮਜ਼ਦੂਰੀ ਦਵਸਮ ਨਾਰ ਹੇਹ ਂਮ ਜ਼ਦੂਰ ਸੰਗਠਨਾਂ ਵੱਲੋਂ ਥਾਂ-ਥਾਂ ਤੇ ਸਮਾਗਮ ਕੀਤੇ ਜਾ ਰਹੇ ਹਨ। ਕਈ ਮਜ਼ਦੂਰ ਜੱਥੇਬੰਦੀਆਂ ਵੱਲੋਂ ਸਮਾਗਮਾਂ 'ਚ ਮੁੱਖ ਮਹਿਮਾਨ ਵੱਜੋਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ ਸੱਦੇ ਦਿੱਤੇ ਗਏ। ਇਹ ਲੀਡਰ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੇ ਭਾਸ਼ਨ ਦੇ ਰਹੇ ਹੋਣਗੇ। ਮਜ਼ਦੂਰਾਂ ਨੂੰ ਹੋਰ ਸਹੂਲਤਾਂ ਦੇਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਕੀ ਮਜ਼ਦੂਰ ਅਜੇ ਵੀ ਆਪਣੇ ਅਧਿਕਾਰਾਂ, ਆਪਣੇ ਹੱਕਾਂ ਜਾਂ ਆਪਣੇ ਪ੍ਰਤੀ ਬਣੇ ਕਾਨੂੰਨਾਂ ਨੂੰ ਜਾਣ ਸਕਿਆ? ਸ਼ਾਇਦ ਨਹੀਂ ਕਿਉਂਕਿ ਜੇ ਉਸ ਨੂੰ ਆਪਣੇ ਅਧਿਕਾਰ ਪਤਾ ਹੁੰਦੇ ਤਾਂ ਅੱਜ ਅਜ਼ਾਦੀ ਦੇ ਕਈ ਸਾਲ ਬਾਦ ਵੀ ਉਹ ਗੁਲਾਮ ਮਜ਼ਦੂਰ ਨਾ ਬਣਕੇ ਰਹਿੰਦਾ। ਮੇਰੇ ਦੇਸ਼ ਦੇ ਮਜ਼ਦੂਰਾਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਕੀ 1 ਮਈ "ਮਜ਼ਦੂਰ ਦਿਵਸ" ਉਨ੍ਹਾਂ ਦਾ ਦਿਨ ਹੈ। ਇਸ ਦਿਨ ਕੀ ਹੋਇਆ ਸੀ। ਇਸ ਦਿਨ ਨੂੰ ਕਿਉਂ ਮਨਾਇਆ ਜਾਂਦਾ ਹੈ। ਜੇਕਰ ਉਹ ਇਹ ਸਭ ਜਾਣ ਜਾਂਦੇ ਤਾਂ ਹੋ ਸਕਦਾ ਸੀ ਕਿ ਸਾਡੇ ਮਜ਼ਦੂਰ ਅੱਜ ਇੰਨੇ ਮਜ਼ਬੂਰ ਨਾ ਹੁੰਦੇ। ਉਨ੍ਹਾਂ ਨੂੰ ਅੱਜ ਵੀ ਆਪਣੇ ਹੱਕਾਂ ਲਈ ਸੰਘਰਸ਼ ਜਾਂ ਭੁੱਖ-ਹੜਤਾਲਾਂ, ਧਰਨੇ ਆਦਿ ਨਾ ਕਰਨੇ ਪੈਂਦੇ। ਭਾਵੇਂ ਮਜ਼ਦੂਰਾਂ ਵੱਲੋਂ ਸੰਗਠਨ ਬਣਾ ਲਏ ਗਏ ਹਨ ਪਰ ਫਿਰ ਵੀ ਉਹ ਸਮੇਂ ਦੀਆਂ ਸਰਕਾਰਾਂ ਤੋਂ ਆਪਣੇ ਹੱਕ, ਅਧਿਕਾਰ ਲੈਣ ਤੋਂ ਵਾਂਝੇ ਰਹਿ ਗਏ ਹਨ। ਅੱਜ ਵੀ ਮਜ਼ਦੂਰਾਂ ਤੇ ਅੱਤਿਆਚਾਰ , ਉਨ੍ਹਾਂ ਦੀ ਲੁੱਟ-ਖਸੁੱਟ, ਉਨ੍ਹਾਂ ਤੇ ਜ਼ੁਲਮ ਆਦਿ ਸ਼ਰੇਆਮ ਕੀਤੇ ਜਾ ਰਹੇ ਹਨ। ਉਨ੍ਹਾਂ ਲਈ ਬਣਾਏ ਕਾਨੂੰਨ ਉਨ੍ਹਾਂ 'ਤੇ ਲਾਗੂ ਨਹੀਂ ਹੋਣ ਦਿੱਤੇ ਜਾਂਦੇ। ਉਨ੍ਹਾਂ ਨੂੰ ਮਿਲਣ ਵਾਲੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਕਿਸੇ ਮਜ਼ਦੂਰ ਦੀ ਕੋਈ ਸਿਕਿਊਰਟੀ ਨਹੀਂ ਰਹਿ ਗਈ। ਕਾਰਖਾਨਿਆਂ, ਸਰਕਾਰੀ ਦਫ਼ਤਰਾਂ 'ਚ ਠੇਕੇ ਤੇ ਰੱਖੇ ਮੁਲਾਜ਼ਮ ਵੀ ਵਗਾਰ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਕਿਸੇ ਨੂੰ ਕੁਝ ਨਹੀਂ ਪਤਾ ਕਿ ਕਦੋਂ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਣਾ ਹੈ। ਦੇਸ਼ ਦਾ ਭਵਿੱਖ ਵੀ ਪੜ੍ਹ ਲਿਖ ਕੇ ਰੁਜ਼ਗਾਰ ਨਾ ਹੋਣ ਕਾਰਨ ਲੁੱਟਾਂ ਖੋਹਾਂ ਦੇ ਰਾਹ ਤੁਰ ਪਿਆ ਹੈ। ਸਰਕਾਰ ਦੀ ਕੋਈ ਪਾਲਸੀ ਨਹੀਂ ਹੈ ਕਿ ਕਿਵੇਂ ਬੇਰੁਜ਼ਗਾਰੀ ਖਤਮ ਕੀਤੀ ਜਾਵੇ ਜਾਂ ਮਜ਼ਦੂਰਾਂ ਦੇ ਵਿਕਾਸ ਲਈ ਕੋਈ ਉਪਰਾਲੇ ਕੀਤੇ ਜਾਣ। ਆਖਿਰ ਕਦੋਂ ਤੱਕ ਇਹ ਸਰਮਾਏਦਾਰ ਲੋਕ ਮਜ਼ਦੂਰ ਲੋਕਾਂ ਦਾ ਸ਼ੋਸ਼ਣ ਕਰਦੇ ਰਹਿਣਗੇ। ਕਦੋਂ ਤੱਕ ਇਕ ਗਰੀਬ ਆਦਮੀਂ ਮਜ਼ਬੂਰੀ ਵੱਲ ਇਨ੍ਹਾਂ ਨਕਲੀ ਚਿਹਰੇ ਲਗਾਏ ਸਰਮਾਏਦਾਰ ਸਮਾਜ ਸੇਵਕਾਂ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ। ਸ਼ਾਇਦ ਇਸ ਦਾ ਜਵਾਬ ਸਾਡੇ ਉੱਚ ਅਹੁਦਿਆਂ ਤੇ ਬੈਠੇ ਮੰਤਰੀ ਜਾਂ ਸਰਕਾਰਾਂ ਨਹੀਂ ਦੇ ਸਕਦੀਆਂ। ਪ੍ਰਸ਼ਾਸ਼ਨ ਵੀ ਕੁਝ ਨਹੀਂ ਕਰਦਾ। ਪ੍ਰਸ਼ਾਸ਼ਨ ਤਾਂ ਉਡੀਕ ਕਰਦਾ ਹੈ ਹਾਦਸਿਆਂ ਦੀ। ਹਾਦਸੇ ਤੋਂ ਬਾਦ ਹੀ ਸਭ ਜਾਂਚਾਂ ਸ਼ੁਰੂ ਹੋ ਜਾਂਦੀਆਂ ਹਨ। ਸਾਰੇ ਕਾਨੂੰਨ ਸਾਹਮਣੇ ਆ ਜਾਂਦੇ ਹਨ। ਮੰਤਰੀ ਤੱਕ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਵਾਉਣ ਦਾ ਭਰੋਸਾ ਦਵਾਉਣ ਆ ਜਾਂਦੇ ਹਨ। ਮੁਆਵਜਿਆਂ ਦੇ ਐਲਾਨ ਹੋਣ ਲੱਗ ਜਾਂਦੇ ਹਨ। ਇਹ ਚੀਜ਼ਾਂ ਹਾਦਸਿਆਂ ਤੋਂ ਬਾਦ ਹੀ ਕਿਉਂ ਹੁੰਦੀਆਂ ਹਨ। ਇਨ੍ਹਾਂ ਨੂੰ ਪਹਿਲਾਂ ਹੀ ਠੀਕ ਕਿਉਂ ਨਹੀਂ ਕੀਤਾ ਜਾਂਦਾ। ਅਸੀਂ ਮਜ਼ਦੂਰ ਦਿਵਸ ਦਾ ਭਾਸ਼ਣ ਸੁਣ ਕੇ ਜਾਂ ਦੇਖ ਕੇਬ ਹੁਤਖ_ਸ਼ਹ_ਦੇਹ ਂਪ ਰਕ ਦੀਂ ਕਸੇ ਮਜ਼ਦੂਰ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਜੇਕਰ ਅਜਿਹੇ ਹਾਦਸੇ ਹੁੰਦੇ ਰਹੇ, ਪ੍ਰਸ਼ਾਸ਼ਨ ਅਜਿਹੀਆਂ ਚੀਜ਼ਾਂ ਅਣਗੌਲਿਆਂ ਕਰਦਾ ਰਿਹਾ ਤਾਂ ਇਕ ਦਿਨ ਮਜ਼ਦੂਰ ਨੂੰ ਹੀ ਆਪਣੇ ਹੱਕਾਂ ਲਈ ਵੱਡਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਫਿਰ ਇਹ ਮਜ਼ਦੂਰ ਕਦੀ ਮਜ਼ਬੂਰ ਨਹੀਂ ਰਹਿਣਗੇ।




**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**

# ਸਿੱਖ ਧਰਮ ਵਿੱਚ ਸ਼ਹੀਦੀ ਦਾ ਸੰਕਲਪ

ਪ੍ਰੋ. ਕ੍ਰਿਪਾਲ ਸਿੰਘ

ਸਿੱਖ ਧਰਮ ਵਿਚ ਸ਼ਹੀਦੀ ਦਾ ਬਹੁਤ ਉੱਚਾ ਸਥਾਨ ਹੈ। ਸਿੱਖ ਪੰਥ ਵਿਚ ਸ਼ਹੀਦਾਂ ਦਾ ਬੇਮਿਸਾਲ ਸਤਿਕਾਰ ਕੀਤਾ ਜਾਂਦਾ ਹੈ। ਰੋਜ਼ਾਨਾ ਅਰਦਾਸ ਵਿਚ ਸ਼ਹੀਦ ਸਿੰਘਾਂ-ਸਿੰਘਣੀਆਂ ਨੂੰ ਯਾਦ ਕੀਤਾ ਜਾਂਦਾ ਹੈ। ਸ਼ਹੀਦਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਹੀਦੀ ਪਾਈ ਪਰ ਸਿਦਕ ਨਹੀਂ ਹਾਰਿਆ। ਉਨ੍ਹਾਂ ਨੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਲਈ ਅਤੇ ਹੱਕ-ਸੱਚ ਲਈ ਕੁਰਬਾਨੀ ਦਿੱਤੀ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ:

**ਸ਼ਹੀਦੋਂ ਕੀ ਕਤਲਗਾਹ ਸੇ, ਕਿਆ ਬੇਹਤਰ ਹੈ ਕਾਅਬਾ,**
**ਸ਼ਹੀਦੋਂ ਕੀ ਖਾਕ ਪੇ ਤੋ ਖੁਦਾ ਭੀ ਕੁਰਬਾਨ ਹੋਤਾ ਹੈ।**

ਸਰਬੱਤ ਮਾਨਵਤਾ ਦੇ ਕਲਿਆਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ-ਧਰਮ ਦੀ ਨੀਂਹ ਰੱਖੀ। ਇਸ ਧਰਮ ਦਾ ਮੁੱਖ ਸਿਧਾਂਤ ਇੱਕੋ ਇੱਕ ਨਿਰਾਕਾਰ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਤੇ ਪਛਾਣਨਾ ਹੈ। ਹੁਕਮ ਨੂੰ ਪਛਾਨਨ ਲਈ ਗੁਰ- ਸ਼ਬਦ ਵਿਚ ਲੀਨ ਹੋ ਕੇ ਹਉਮੈ ਨੂੰ ਮਿਟਾਉਣ ਤੇ ਹਿਰਦੇ ਵਿਚ ਪ੍ਰਭੂ ਦੇ ਨਾਮ ਨੂੰ ਵਸਾਉਣ ਦੀ ਲੋੜ ਹੁੰਦੀ ਹੈ। ਇਸ ਬਿਖਮ ਮਾਰਗ 'ਤੇ ਚੱਲਣ ਲਈ ਆਪਣੀ ਮੱਤ ਨੂੰ ਗੁਰੂ ਦੀ ਮੱਤ ਦੇ ਅਧੀਨ ਕਰਨਾ ਹੁੰਦਾ ਹੈ। ਇਹ ਕਿਰਿਆ ਆਪਣਾ ਸੀਸ ਭੇਟ ਕਰਨ ਦੇ ਸਮਾਨ ਹੀ ਹੈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸੰਦੇਸ਼ ਦਿੱਤਾ ਹੈ ਕਿ ਜਿਸ ਨੇ ਗੁਰਮਤਿ ਦੇ ਮਾਰਗ 'ਤੇ ਚੱਲਣਾ ਹੈ, ਉਹ ਆਪਣਾ ਸੀਸ ਤਲੀ 'ਤੇ ਧਰ ਕੇ ਆਵੇ, ਭਾਵ ਦ੍ਰਿੜ੍ਹ ਚਿਤ ਹੋ ਕੇ ਆਵੇ ਅਤੇ ਆਪਣੀ ਸੰਸਾਰਕ ਬਿਰਤੀ 'ਤੇ ਕੱਚੀ ਮੱਤ ਦੇ ਤਿਆਗ ਕਰਨ ਵਿੱਚ ਕੋਈ ਝਿਜਕ ਨਾ ਰੱਖੇ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

**(ਪੰਨਾ ੧੪੧੨)**

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥**

**(ਪੰਨਾ ੧੧੦੨)**

ਸੈਮਿਟਿਕ ਧਰਮਾਂ ਵਿਚ ਸ਼ਹੀਦੀ ਦੀ ਲੰਮੀ ਪਰੰਪਰਾ ਹੈ। ਸੁਕਰਾਤ ਤੋਂ ਲੈ ਕੇ ਹਜ਼ਰਤ ਈਸਾ, ਮਨਸੂਰ, ਸ਼ਮਸ ਤਬਰੇਜ਼ ਆਦਿ ਅਨੇਕ ਸੂਫੀ ਫਕੀਰਾਂ ਤੇ ਜਹਾਦਾਂ ਵਿਚ ਜਾਨ ਵਾਰਨ ਵਾਲਿਆਂ ਨੂੰ ਸ਼ਹੀਦੀ ਦਾ ਮਰਤਬਾ ਪ੍ਰਾਪਤ ਹੈ। ਭਾਰਤੀ ਸੰਸਕ੍ਰਿਤ ਵਿਚ ਸ਼ਹੀਦੀ ਦੀ ਪਰੰਪਰਾ ਨਹੀਂ ਮਿਲਦੀ ਸਗੋਂ ਬਲੀ ਦੇਣ ਤੇ 'ਵਧ' ਕਰਨ ਦੀ ਪ੍ਰਥਾ ਪ੍ਰਚਲਤ ਸੀ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਯੱਗ ਕੀਤੇ ਜਾਂਦੇ ਸਨ ਜਿਨ੍ਹਾਂ ਵਿਚ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਸੀ। ਇਹ ਮੰਨਿਆ ਜਾਂਦਾ ਸੀ ਕਿ ਪਰਮਾਤਮਾ ਅਵਤਾਰ ਧਾਰ ਕੇ ਪਾਪੀ ਪੁਰਖਾਂ ਦਾ 'ਵਧ' ਕਰਦਾ ਹੈ।

ਇਸਲਾਮ ਦੇ ਪ੍ਰਚਾਰਕਾਂ ਨੂੰ ਹਿੰਦੁਸਤਾਨ ਦੀ ਕਿਸੇ ਵੀ ਸਦਾਚਾਰਕ ਉੱਚਤਾ ਜਾਂ ਅਧਿਆਤਮ ਦੀ ਅਵਸਥਾ ਦਾ ਸਤਿਕਾਰ ਨਹੀਂ ਸੀ। ਉਹ ਤਲਵਾਰ ਦੇ ਜ਼ੋਰ ਨਾਲ ਸਭ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਨੇ ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਨੂੰ ਬਿਨਾਂ ਕਿਸੇ ਕਸੂਰ ਦੇ ਮਾਰਨ ਦਾ ਯਤਨ ਕੀਤਾ। ਉਨ੍ਹਾਂ ਦੀ ਪਰਮਾਤਮਾ ਨੇ ਰੱਖਿਆ ਕੀਤੀ ਤੇ ਉਹ ਬਚ ਗਏ ਪਰ ਇਸ ਦੇ ਨਾਲ ਹੀ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਜ਼ੁਲਮ ਦੇ ਵਿਰੁੱਧ ਰੋਸ ਦੀ ਲਹਿਰ ਉੱਠ ਰਹੀ ਸੀ, ਉਹ ਆਪਣਾ ਧਰਮ ਕਿਸੇ ਹਾਲਤ ਵਿਚ ਵੀ ਨਹੀਂ ਛੱਡਣਾ ਚਾਹੁੰਦੇ ਸਨ। ਇਸ ਲਈ ਉਹ ਆਪਣੀ ਜਾਨ ਵੀ ਕੁਰਬਾਨ ਕਰ ਦੇਣਾ ਚਾਹੁੰਦੇ ਸਨ।

ਬ੍ਰਾਹਮਣਵਾਦ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਹੋਰ ਕਈ ਤਰ੍ਹਾਂ ਦੇ ਡਰਾਂ ਦੇ ਨਾਲ ਮੌਤ ਦਾ ਡਰ ਲੋਕਾਂ ਦੇ ਮਨਾਂ ਉੱਤੇ ਬਿਠਾਇਆ ਹੋਇਆ ਸੀ। ਇਸ ਲਈ ਭਾਰਤੀ ਲੋਕ ਮਰਨ ਤੋਂ ਬਹੁਤ ਡਰਦੇ ਸਨ। ਧਰਮ ਪ੍ਰਤੀ ਉਨ੍ਹਾਂ ਵਿਚ ਕੱਟੜਤਾ ਤਾਂ ਸੀ ਪਰ ਦ੍ਰਿੜ੍ਹਤਾ ਦੀ ਘਾਟ ਸੀ। ਉਹ ਜਾਨ ਦੀ ਰੱਖਿਆ ਲਈ ਤਾਂ ਧਰਮ ਮੰਨਣ ਨੂੰ ਤਿਆਰ ਸਨ ਪਰ ਧਰਮ ਦੀ ਰੱਖਿਆ ਲਈ ਜਾਨ ਦੇਣ ਤੋਂ ਡਰਦੇ ਸਨ। ਭਗਤ ਕਬੀਰ ਜੀ ਨੇ ਉਨ੍ਹਾਂ ਦੇ ਮਨਾਂ ਵਿੱਚੋਂ ਮੌਤ ਦਾ ਭੈਅ ਕੱਢਣ ਲਈ ਵਿਸ਼ੇਸ਼ ਜ਼ੋਰ ਦਿੱਤਾ ਹੈ। ਇੱਥੋਂ ਤਕ ਉਨ੍ਹਾਂ ਨੇ ਤਾਂ ਮਰਨ ਨੂੰ ਜੀਵਨ ਤੋਂ ਵੀ ਵਧੇਰੇ ਅਨੰਦਮਈ ਦੱਸਿਆ ਹੈ, ਜਿਵੇਂ:

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥**

**(ਪੰਨਾ ੧੩੬੫)**

ਉਨ੍ਹਾਂ ਨੇ ਜੀਵ ਨੂੰ ਧਰਮ ਹੇਤ ਲੜਨ ਮਰਨ ਦਾ ਸੰਦੇਸ਼ ਦਿੱਤਾ ਹੈ। ਅਸਲ ਸੂਰਮਾ ਉਹ ਹੈ ਜੋ ਆਪਣਾ ਸਿਦਕ ਕਾਇਮ ਰੱਖਦਾ ਹੈ, ਜੋ ਆਪਣੇ ਮਾਰਗ ਤੋਂ ਡੋਲਦਾ ਨਹੀਂ, ਜੋ ਆਪਣੇ ਧਰਮ ਦਾ ਖੇਤ ਨਹੀਂ ਛੱਡਦਾ ਭਾਵੇਂ ਉਹ ਪੁਰਜਾ-ਪੁਰਜਾ ਹੋ ਕੇ ਕਟ ਮਰੇ:

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**

**(ਪੰਨਾ ੧੧੦੫)**

ਹੁਕਮ ਨੂੰ ਪਛਾਣਨ ਵਾਲੇ ਇਹੋ ਜਿਹੇ ਮਰਜੀਵੜਿਆਂ ਦੀ ਸ਼ਹੀਦੀ ਹੀ ਸੱਚੀ ਸ਼ਹੀਦੀ ਹੁੰਦੀ ਹੈ। ਇਹ ਸ਼ਹੀਦ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨ ਹੁੰਦੇ ਹਨ¢ ਇਨ੍ਹਾਂ ਤੋਂ ਬਿਨਾਂ ਜਿਹੜੇ ਵਿਅਕਤੀ ਆਪਣੇ ਨਿੱਜੀ ਹਿੱਤਾਂ ਲਈ, ਹਉਮੈ ਅਧੀਨ ਜਾਂ ਕਿਸੇ ਗ਼ਲਤ ਭਾਵਨਾ ਅਧੀਨ ਲੜ ਕੇ ਮਰਦੇ ਹਨ, ਉਨ੍ਹਾਂ ਦੇ ਮਰਨ 'ਤੇ ਪਰਮਾਤਮਾ ਪ੍ਰਸੰਨ ਨਹੀਂ ਹੁੰਦਾ:

**ਨ ਭੀਜੈ ਭੇੜਿ ਮਰਹਿ ਭਿੜਿ ਸੂਰ॥ ਨਾ ਭੀਜੈ ਕੇਤੇ ਹੋਵਹਿ ਧੂੜ॥**

**(ਪੰਨਾ 1237)**

ਗੁਰਮਤਿ ਅਨੁਸਾਰ ਰੱਬ ਦੇ ਰਾਹ 'ਤੇ ਚੱਲਣ ਵਾਲੇ ਸਚਿਆਰ ਪੁਰਖਾਂ

ਦੀ ਸ਼ਹੀਦੀ ਹੀ ਪਰਵਾਨ ਹੈ।

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥**
**ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥**

**(ਪੰਨਾ ੫੮੦)**

ਪਰਮਾਤਮਾ ਨੂੰ ਆਪਣਾ ਆਪਾ ਅਰਪਣ ਕਰ ਦੇਣਾ ਇਕ ਬਹੁਤ ਵੱਡੀ ਕੁਰਬਾਨੀ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਪਰਮਾਤਮਾ ਅੱਗੇ ਪੂਰੀ ਤਰ੍ਹਾਂ ਸਮਰਪਣ ਕਰ ਦੇਣ ਦਾ ਉਪਦੇਸ਼ ਦਿੱਤਾ ਹੈ:

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥**

**(ਪੰਨਾ ੭੫੭)**

ਗੁਰੂ ਸਾਹਿਬ ਮਹਾਨ ਪਰਉਪਕਾਰੀ ਸਨ, ਜੋ ਧਰਤੀ ਦਾ ਭਾਰ ਹਰਨ ਤੇ ਸਰਬੱਤ ਮਾਨਵ ਦੀ ਕਲਿਆਣ ਹਿਤ ਸੰਸਾਰ ਵਿਚ ਆਏ ਸਨ। ਉਨ੍ਹਾਂ ਨੇ ਸੰਸਾਰ ਨੂੰ ਇਕ ਨਵਾਂ ਅਧਿਆਤਮ ਦਰਸ਼ਨ ਦਿੱਤਾ ਤੇ ਮਨੁੱਖ ਨੂੰ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਨਾਲ ਜੋੜਿਆ। ਇਸ ਤੋਂ ਇਲਾਵਾ ਗੁਰੂ ਸਾਹਿਬ ਆਪਣੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਤੋਂ ਵੀ ਚੇਤੰਨ ਸਨ। ਉਹ ਇਸ ਪੱਖ ਤੋਂ ਵੀ ਮਾਨਵ ਨੂੰ ਸਹੀ ਸੇਧ ਦੇਣਾ ਚਾਹੁੰਦੇ ਸਨ ਤਾਂ ਜੋ ਮਨੁੱਖਤਾ ਦੀਆਂ ਮੁਸ਼ਕਲਾਂ ਅਤੇ ਮੁਸੀਬਤਾਂ ਦੂਰ ਹੋ ਜਾਣ ਅਤੇ ਸੰਸਾਰ ਉੱਤੇ ਹਲੇਮੀ ਰਾਜ ਦੀ ਸਥਾਪਨਾ ਕੀਤੀ ਜਾ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਅਲੌਕਿਕ ਇਮਾਰਤ ਬਣਵਾਈ। ਉਨ੍ਹਾਂ ਨੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਤੇ ਭਗਤਾਂ ਫਕੀਰਾਂ ਦੀ ਬਾਣੀ ਇਕੱਤਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਅਦੁੱਤੀ ਗ੍ਰੰਥ ਤਿਆਰ ਕਰਵਾਇਆ। ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਸਿੱਖ ਧਰਮ ਦਾ ਇਹ ਵਿਕਾਸ ਕੱਟੜ ਮੁਲਾਣਿਆਂ, ਮੁਗਲ ਸ਼ਾਸਕਾਂ ਅਤੇ ਹਿੰਦੂ ਉੱਚ ਜਾਤੀਆਂ ਨੂੰ ਚੰਗਾ ਨਹੀਂ ਲੱਗਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ 2 ਸਾਲ ਬਾਅਦ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਹਿੰਦੁਸਤਾਨ ਦੀ ਧਰਤੀ 'ਤੇ ਇਹ ਪਹਿਲੀ ਸ਼ਹਾਦਤ ਸੀ। ਇਸੇ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦਾ ਸਿਰਤਾਜ ਕਿਹਾ ਜਾਂਦਾ ਹੈ। ਉਨ੍ਹਾਂ ਨੇ ਜਗਤ-ਜਲੰਦੇ ਦੀ ਤਪਸ਼ ਨੂੰ ਤੱਤੀ ਤਵੀ 'ਤੇ ਬੈਠ ਕੇ ਆਪਣੇ ਸਰੀਰ ਉੱਤੇ ਝੱਲਿਆ ਸੀ ਅਤੇ ਭਾਣਾ ਮਿੱਠਾ ਕਰ ਕੇ ਮੰਨਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨਾ ਤਿਲਕ ਲਗਾਉਂਦੇ ਸਨ, ਨਾ ਜਨੇਊ ਪਹਿਨਦੇ ਸਨ। ਇਨ੍ਹਾਂ ਚਿੰਨਾਂ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਰੱਦ ਕਰ ਦਿੱਤਾ ਸੀ। ਫੇਰ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਦੀ ਰਾਖੀ ਲਈ ਦਿੱਲੀ ਵਿਖੇ ਆਪਣਾ ਸੀਸ ਦਿੱਤਾ। ਇਹ ਕੁਰਬਾਨੀ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਸੀ। ਆਪਣੀ ਸ਼ਹਾਦਤ ਨਾਲ ਉਨ੍ਹਾਂ ਨੇ ਇਹ ਸੰਦੇਸ਼ ਦਿੱਤਾ ਕਿ ਕਿਸੇ ਨੂੰ ਜ਼ਬਰਦਸਤੀ ਕਿਸੇ ਦਾ ਧਰਮ ਬਦਲਣ ਦਾ ਕੋਈ ਹੱਕ ਨਹੀਂ, ਇਸੇ ਕਰਕੇ ਦਸਮੇਸ਼ ਪਿਤਾ ਜੀ ਨੇ ਲਿਖਿਆ ਹੈ:

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥**

**(ਬਿਚਿਤ੍ਰ ਨਾਟਕ)**

ਗੁਰੂ ਜੀ ਦੇ ਨਾਲ ਗਏ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਉਨ੍ਹਾਂ ਤੋਂ ਪਹਿਲਾਂ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅਗਨ ਭੇਟ ਕਰ ਦਿੱਤਾ ਗਿਆ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸੰਪੂਰਨ ਰੂਪ ਵਿਚ ਮੁਕੰਮਲ ਕੀਤਾ। ਉਨ੍ਹਾਂ ਨੇ ੧੬੯੯ ਈ: ਵਿਚ ਆਦਰਸ਼ਕ ਮਨੁੱਖ ਖਾਲਸਾ ਦੀ ਸਾਜਨਾ ਕੀਤੀ। ਇਹ, ਉਹ ਹੀ ਸੰਪੂਰਨ ਮਨੁੱਖ ਸੀ ਜਿਸ ਨੂੰ ਪਹਿਲਾਂ ਸਚਿਆਰ, ਗੁਰਮੁਖ ਅਤੇ ਬ੍ਰਹਮ ਗਿਆਨੀ ਦੀ ਸੰਗਿਆ ਦਿੱਤੀ ਗਈ ਸੀ। ਖਾਲਸੇ ਲਈ ਪੰਜ-ਕਕਾਰੀ ਰਹਿਤ ਰੱਖਣੀ ਤੇ ਸ਼ਸਤਰਧਾਰੀ ਹੋਣਾ ਜ਼ਰੂਰੀ ਕਰਾਰ ਦਿੱਤਾ ਗਿਆ ਸੀ। ਗੁਰੂ ਜੀ ਨੇ ਖਾਲਸੇ ਨੂੰ ਇਕ ਸੁਤੰਤਰ ਤੇ ਸੰਪੂਰਨ ਵਿਅਕਤੀ ਦੇ ਤੌਰ 'ਤੇ ਸਿੱਧਾ ਅਕਾਲ ਪੁਰਖ ਦੇ ਅਧੀਨ ਹੀ ਕੀਤਾ ਸੀ ਤੇ ਖਾਲਸੇ ਦੀ ਫਤਿਹ 'ਵਾਹਿਗੁਰੂ ਜੀ ਦੀ ਫਤਿਹ' ਮੰਨੀ ਗਈ। ਖਾਲਸੇ ਦਾ ਇਹ ਉਦੇਸ਼ ਦੱਸਿਆ ਗਿਆ।

**ਅਰੁ ਸਿਖਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ।**
**ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ।**

**(ਚੰਡੀ ਚਰਿਤ੍ਰ)**

**ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ ਕਿਲਬਿਖ ਹਰਣੰ, ਅਸ ਸਰਣੰ¢**
**ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ¢**

**(ਬਿਚਿਤ੍ਰ ਨਾਟਕ)**

ਚਮਕੌਰ ਦੀ ਜੰਗ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਵੱਧ ਅਸਾਵੀਂ ਜੰਗ ਸੀ ਇਕ ਪਾਸੇ ਕੇਵਲ ੪੦ ਕੁ ਸਿੰਘ ਅਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿਚ ਬਾਦਸ਼ਾਹੀ ਫੌਜ ਸੀ। ਸਿੱਖਾਂ ਲਈ ਇਹ ਜੰਗ ਇਕ ਬਹੁਤ ਹੀ ਸਖ਼ਤ ਇਮਤਿਹਾਨ ਸੀ। ਬੇਮਿਸਾਲ ਬੀਰਤਾ ਤੇ ਪੂਰੀ ਚੜ੍ਹਦੀ ਕਲਾ ਵਿਚ ਰਹਿ ਕੇ ਲੜਦਿਆਂ ਹੋਇਆਂ ਸ਼ਹੀਦੀਆਂ ਦੇ ਕੇ ਇਸ ਇਮਤਿਹਾਨ ਨੂੰ ਪਾਸ ਕੀਤਾ ਗਿਆ¢ ਇਸ ਜੰਗ ਵਿਚ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੋ ਅਜੇ ਚੜ੍ਹਦੀ ਜਵਾਨੀ ਵਿਚ ਸਨ, ਬਾਕੀ ਸਿੰਘਾਂ ਦੇ ਨਾਲ ਮੁਗ਼ਲਾਂ ਦੇ ਵਿਰੁੱਧ ਲੜਦੇ ਸ਼ਹੀਦ ਹੋ ਗਏ।

ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਜੋ ਅਜੇ ੯ ਅਤੇ ੭ ਸਾਲ ਦੀ ਉਮਰ ਦੇ ਸਨ, ਸਰਹਿੰਦ ਵਿਖੇ ਕੰਧਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਗਏ। ਇਨ੍ਹਾਂ ਮਾਸੂਮ ਬੱਚਿਆਂ ਨੇ ਇਕ ਸ਼ਕਤੀਸ਼ਾਲੀ ਸਾਮਰਾਜ ਦੀ ਹਿਰਾਸਤ ਵਿਚ ਰਹਿੰਦਿਆਂ ਕਈ ਦਿਨ ਉਸ ਦੇ ਜਬਰ, ਜ਼ੁਲਮ, ਲਾਲਚ ਤੇ ਝੂਠ ਦਾ ਮੁਕਾਬਲਾ ਜਿਸ ਦਲੇਰੀ, ਦ੍ਰਿੜ੍ਹਤਾ ਅਤੇ ਸਿਦਕਦਿਲੀ ਨਾਲ ਕੀਤਾ, ਦੁਨੀਆਂ ਭਰ ਦੇ ਇਤਿਹਾਸ ਵਿਚ ਇਸ ਦੀ ਮਿਸਾਲ ਨਹੀਂ ਮਿਲਦੀ। ਗੁਰੂ ਜੀ ਦੇ ਮਾਤਾ ਜੀ ਮਾਤਾ ਗੁਜਰੀ ਜੀ ਇਨ੍ਹਾਂ ਬੱਚਿਆਂ ਦੇ ਨਾਲ ਹੀ ਸਨ। ਉਹ ਵੀ ਇੱਥੇ ਸ਼ਹੀਦ ਹੋਏ। ਸਿੱਖ ਚੇਤਨਾ ਇਨ੍ਹਾਂ ਪਵਿੱਤਰ ਆਤਮਾਵਾਂ ਨੂੰ ਕਦੇ ਨਹੀਂ ਭੁਲਾ ਸਕਦੀ। ਇਨ੍ਹਾਂ ਨਿੱਕੀਆਂ ਜਿੰਦਾਂ ਨੇ ਜ਼ੁਲਮ ਦੀ ਹਨ੍ਹੇਰੀ ਵਿਚ ਧਰਮ ਦੀ ਜੋਤ ਨੂੰ ਜਗਦੀ ਰੱਖਿਆ ਹੈ ਇਨ੍ਹਾਂ ਨੇ ਚੰਗਿਆੜੀਆਂ ਬਣ ਕੇ ਇਕ ਭਾਂਬੜ ਬਾਲ

ਦਿੱਤਾ ਅਤੇ ਆਉਣ ਵਾਲੇ ਸਮੇਂ ਵਿਚ ਇਕ ਲੰਮੇ ਸਿੱਖ ਸੰਗਰਾਮ ਨੂੰ ਜਨਮ ਦਿੱਤਾ। ਇਨ੍ਹਾਂ ਦੀ ਸ਼ਹੀਦੀ ਤੋਂ ੬ ਸਾਲਾਂ ਪਿੱਛੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬੇਦਾਰ ਵਜ਼ੀਰ ਖਾਨ ਨੂੰ ਮਾਰ ਕੇ ਸਰਹਿੰਦ ਫਤਿਹ ਕਰ ਲਈ ਅਤੇ ਇਸ ਦੀ ਇੱਟ ਨਾਲ ਇੱਟ ਖੜਕਾ ਕੇ ਸਰਹਿੰਦ ਥੇਹ ਕਰ ਦਿੱਤੀ ਅਤੇ ਸਿੱਖ ਰਾਜ ਦੀ ਸਥਾਪਨਾ ਕੀਤੀ। ਕਿਸੇ ਕਵੀ ਨੇ ਲਿਖਿਆ ਹੈ:

**ਜਦ ਡੁੱਲ੍ਹਦਾ ਖੂਨ ਸ਼ਹੀਦਾਂ ਦਾ ਤਸਵੀਰ ਬਦਲਦੀ ਕੌਮਾਂ ਦੀ।**
**ਰੰਬੀਆਂ ਨਾਲ ਖੋਪਰ ਲਹਿੰਦੇ ਜਦ, ਤਕਦੀਰ ਬਦਲਦੀ ਕੌਮਾਂ ਦੀ।**
**ਜਦ ਚਰਬੀ ਢਲੇ ਸ਼ਹੀਦਾਂ ਦੀ, ਰੂਹਾਂ ਵਿਚ ਚਾਨਣ ਹੋ ਜਾਵੇ।**
**ਜਦ ਉਸਰੇ ਕੰਧ ਸ਼ਹੀਦਾਂ ਦੀ, ਡਿੱਗੀ ਹੋਈ ਕੌਮ ਖਲੋ ਜਾਵੇ।**

ਸਿੱਖ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਜੇ ਸਾਰੀ ਦੁਨੀਆਂ ਦੇ ਇਤਿਹਾਸ ਨੂੰ ਵੀ ਇਕ ਪਾਸੇ ਰੱਖ ਲਈਏ ਤਾਂ ਵੀ ਸਿੱਖ ਸ਼ਹੀਦਾਂ ਦੀ ਗਿਣਤੀ ਦੇ ਬਰਾਬਰ ਇਹ ਗਿਣਤੀ ਨਹੀਂ ਪੁੱਜਦੀ। ਸਿੱਖ ਇਤਿਹਾਸ ਦੀ ਇਸ ਮਹਾਨਤਾ ਨੂੰ ਦੂਜੀਆਂ ਕੌਮਾਂ ਦੇ ਇਤਿਹਾਸਕਾਰਾਂ ਨੇ ਵੀ ਮੰਨਿਆ ਹੈ।

ਅੱਜ ਸਾਨੂੰ ਅਜੋਕੀਆਂ ਸਖ਼ਤ ਕੌਮੀ ਚੁਨੌਤੀਆਂ ਦੇ ਬਾਵਜੂਦ ਵੀ ਚੜ੍ਹਦੀ ਕਲਾ ਕਾਇਮ ਰੱਖਣੀ ਚਾਹੀਦੀ ਹੈ। ਕਿਉਂਕਿ ਸਾਡੇ ਕੋਲ ਇੰਨਾ ਉੱਚਾ-ਸੁੱਚਾ ਤੇ ਮਹਾਨ ਵਿਰਸਾ ਤੇ ਦਰਸ਼ਨ ਹੈ, ਅੱਜ ਸਾਨੂੰ ਦਹੇਜ, ਨਸ਼ੇ, ਮਾਦਾ ਭਰੂਣ ਹੱਤਿਆ ਤੇ ਪਤਿਤਪੁਣੇ ਦੇ ਖ਼ਿਲਾਫ ਉਸੇ ਦ੍ਰਿੜ੍ਹਤਾ ਨਾਲ ਲੜਨਾ ਚਾਹੀਦਾ ਹੈ ਜਿਹੜੀ ਦ੍ਰਿੜ੍ਹਤਾ ਸਾਡੇ ਮਹਾਨ ਸ਼ਹੀਦਾਂ ਨੇ ਦਰਸਾਈ ਹੈ।

ਅੱਜ ਸਾਨੂੰ ਸਤਿਗੁਰ ਦੇ ਉਪਦੇਸ਼ ਨੂੰ ਸਮਝਣ ਦੀ, ਵਿਚਾਰਨ ਦੀ ਤੇ ਉਸ 'ਤੇ ਅਮਲ ਕਰਨ ਦੀ ਲੋੜ ਹੈ, ਤਾਂ ਜੋ ਸਿੱਖਾਂ ਵਿਚ ਪੁਨਰ ਜਾਗ੍ਰਿਤੀ ਦੀ ਲਹਿਰ ਪੈਦਾ ਕੀਤੀ ਜਾ ਸਕੇ ਤੇ ਸਿੱਖੀ ਆਦਰਸ਼ਾਂ ਨੂੰ ਉਜਾਗਰ ਕੀਤਾ ਜਾ ਸਕੇ।

# ਗੁਰੂ ਘਰ ਦੀ ਦੇਗ ਦੇ ਕਮਾਲ ਦੇ ਫਾਇਦੇ

**ਡਾਕਟਰ ਬਲਰਾਜ ਬੈਂਸ-ਡਾਕਟਰ ਕਰਮਜੀਤ ਕੌਰ**



ਗੁਰੂ ਘਰ ਦੀ ਦੇਗ ਬਹੁਤ ਹੀ ਪੌਸ਼ਟਿਕ ਹੁੰਦੀ ਹੈ। ਬਹੁਤ ਹੀ ਸਿਹਤ ਵਰਧਕ ਹੁੰਦੀ ਹੈ। ਮੈਂ ਤਾਂ ਬਹੁਤ ਹੀ ਹੈਰਾਨ ਰਹਿ ਗਿਆ ਜਦੋਂ ਇਸਦੀ ਬਰੀਕੀ ਨਾਲ ਪੜਤਾਲ ਕੀਤੀ। ਜੇ ਸਾਰੇ ਗੁਣ ਲਿਖਣ ਬੈਠਾ ਤਾਂ ਪਤਾ ਨਹੀਂ ਕਿੰਨੇ ਕੁ ਵਰਕੇ ਭਰੇ ਜਾਣਗੇ। ਕਣਕ ਜਾਂ ਸੂਜੀ ਨੂੰ ਭੁੰਨ ਕੇ ਦੇਸੀ ਘਿਉ ਦਾ ਪਰਸ਼ਾਦ ਜੇ ਗੁਰੂ ਦੀ ਹਜ਼ੂਰੀ 'ਚ ਪੂਰਨ ਗੁਰਸਿੱਖ ਪੂਰਨ ਰਹਿਤ ਮਰਿਆਦਾ ਨਾਲ ਤਿਆਰ ਕਰਕੇ ਗੁਰੂ ਸਾਹਿਬ ਤੋਂ ਭੋਗ ਲਵਾ ਕੇ ਪਰਵਾਨ ਕਰਾਕੇ ਸੰਗਤ ਨੂੰ ਵੰਡੇ ਤਾਂ ਪਵਿੱਤਰ ਦੇਗ (Holy Porridge) ਅਖਵਾਉਂਦੀ ਹੈ। ਜੇ ਘਰ 'ਚ ਸਿਰਫ ਖਾਣ ਲਈ ਬਣਾਇਆ ਜਾਏ ਤਾਂ ਕੜਾਹ ਅਖਵਾਉਂਦਾ ਹੈ।


ਰੋਜ਼ਾਨਾ ਥੋੜ੍ਹੀ ਮਾਤਰਾ 'ਚ ਹਰ ਵੱਡੇ ਛੋਟੇ ਨੂੰ ਪਰਸ਼ਾਦ ਜਾਂ ਦੇਗ ਜ਼ਰੂਰ ਛਕਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਹਰ ਗੁਰਸਿੱਖ ਲਈ ਗੁਰੂ ਦੇ ਦਰਸ਼ਨ, ਸੰਗਤ ਦੇ ਦਰਸ਼ਨ ਕਰਨੇ ਤੇ ਰੋਜ਼ਾਨਾ ਗੁਰਦੁਆਰਾ 'ਚ ਸਰਬੱਤ ਦੇ ਭਲੇ ਦੀ ਅਰਦਾਸ 'ਚ ਸ਼ਾਮਿਲ ਹੋਣ ਉਪਰੰਤ ਹੁਕਮਨਾਮਾ ਸੁਣਨਾ ਤੇ ਕਿਰਪਾ ਰੂਪੀ ਦੇਗ ਦੋਨੋਂ ਹੱਥ ਜੋੜ ਕੇ ਨਿਮਰਤਾ ਸਹਿਤ ਲੈਣੀ ਤੇ ਆਪ ਹੀ ਛਕਣੀ ਜ਼ਰੂਰੀ ਕੀਤੀ। ਦੇਗ ਕਦੇ ਵੀ ਘਰ ਨਹੀਂ ਲੈ ਕੇ ਜਾਣੀ ਚਾਹੀਦੀ ਕਿਉਂਕਿ ਜੋ ਵਿਅਕਤੀ ਗੁਰੂ ਦੇ ਦਰਸ਼ਨ ਹੀ ਨਹੀਂ ਕਰਨਾ ਚਾਹੁੰਦਾ ਜੇ ਉਹਨੂੰ ਘਰ ਬੈਠੇ ਨੂੰ ਹੀ ਪਵਿੱਤਰ ਪ੍ਰਸ਼ਾਦ ਮਿਲਣ ਲੱਗ ਪਿਆ ਤਾਂ ਉਸਨੇ ਕਦੇ ਵੀ ਗੁਰਦੁਆਰਾ ਸਾਹਿਬ ਨਹੀਂ ਜਾਣਾ। ਜਿਸ ਵਿਅਕਤੀ ਨੂੰ ਦੇਗ ਮਿਲੀ ਹੈ ਉਸਤੇ ਗੁਰੂ ਨੇ ਕਿਰਪਾ ਕੀਤੀ ਹੈ ਤੇ ਉਹਦੇ ਸਭ ਦੁੱਖਾਂ ਦੀ ਦੁਆਈ ਵੀ ਦਿੱਤੀ ਹੈ। ਸੋ ਆਪਣੀ ਕਿਰਪਾ ਅੱਗੇ ਨਾਂ ਵੰਡੋ। ਜਿਸ ਤਰੀਕੇ ਨਾਲ ਦੇਗ ਬਣਾਈ ਜਾਂਦੀ ਹੈ ਇਹ ਬਹੁਤ ਹੀ ਉਮਦਾ ਤਰੀਕਾ ਹੈ। ਕਣਕ, ਪਾਣੀ, ਮਿੱਠਾ ਤੇ ਦੇਸੀ ਘਿਉ ਮਿਲ ਕੇ ਕਮਾਲ ਦਾ ਯੋਗ ਬਣਦਾ ਹੈ। ਇਹ ਦਿਮਾਗ, ਵਾਲਾਂ, ਜੋੜਾਂ, ਨਹੁੰਆਂ, ਚਮੜੀ, ਦੰਦਾਂ, ਵਾਲਾਂ ਤੇ ਪਾਚਣ ਪਰਣਾਲੀ ਦੇ ਸਭ ਅੰਗਾਂ ਲਈ ਸਭ ਲੋੜੀਂਦੇ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਸ 'ਚ ਕੈਲਸ਼ੀਅਮ, ਫਾਸਫੋਰਸ, ਡਾਇਟਰੀ ਫਾਇਬਰ, ਕਾਰਬੋਹਾਈਡਰੇਟ, ਵਿਟਾਮਿਨ ਕੇ, ਬੀ-ਸਿਕਸ, ਬੀ-12, ਥਾਇਮਿਨ, ਫੋਲੇਟ, ਪੈਂਟੋਥੈਨਿਕ ਐਸਿਡ, ਕੋਲੀਨ, ਬੀਟੇਨ ਤੇ ਥਾਇਆਮਿਨ, ਆਇਰਨ, ਕਾਪਰ, ਜ਼ਿੰਕ, ਸਿਲੇਨੀਅਮ, ਮੈਂਗਨੀਜ਼, ਸੋਡੀਅਮ, ਪੁਟਾਸ਼ੀਅਮ ਤੇ ਮੈਗਨੇਸ਼ੀਅਮ ਆਦਿ ਤੱਤਾਂ ਦੇ ਇਲਾਵਾ ਅਨੇਕ ਫੈਟੀ ਅਸਿਡਜ਼ ਵੀ ਹੁੰਦੇ ਹਨ। ਇਹ ਸਾਰੇ ਤੱਤ ਹੀ ਦੇਗ ਨੂੰ ਬਹੁਤ ਹੀ ਪੌਸ਼ਟਿਕ ਬਣਾਉਂਦੇ ਹਨ। ਇਹ ਤੱਤ ਜੇ ਕਿਸੇ ਨੂੰ ਰੋਜ਼ਾਨਾ ਖਾਲੀ ਪੇਟ ਮਿਲਣ ਤਾਂ ਸਰੀਰ ਦੇ ਕੂਨੈਕਟਿਵ ਟਿਸ਼ੂਜ਼, ਨਰਵਸ ਟਿਸ਼ੂਜ਼, ਮਸਲ ਟਿਸ਼ੂਜ਼ ਤੇ ਐਪੀਥੀਲੀਅਲ ਟਿਸ਼ੂਜ਼ ਬਹੁਤ ਵਧੀਆ ਤਰ੍ਹਾਂ ਬਣੇ ਰਹਿੰਦੇ ਹਨ ਤੇ ਵਧੀਆ ਤਰ੍ਹਾਂ ਕੰਮ ਵੀ ਕਰਦੇ ਹਨ।

ਕਿਸੇ ਵਿਅਕਤੀ ਦੇ ਲੰਬੀ, ਤੰਦਰੁਸਤ ਉਮਰ ਭੋਗਣ ਲਈ ਇਹਨਾਂ ਟਿਸ਼ੂਜ਼ ਦਾ ਤੰਦਰੁਸਤ ਹੋਣਾ ਜ਼ਰੂਰੀ ਹੁੰਦਾ ਹੈ। ਇਹ ਤੱਤ ਉਮਰ ਲੰਬੀ ਕਰਦੇ ਹਨ, ਯਾਦਾਸ਼ਤ, ਤੰਦਰੁਸਤੀ, ਬੁੱਧੀ, ਸੁੰਦਰਤਾ ਨੂੰ ਵੀ ਵਧਾਉਂਦੇ ਹਨ, ਬੱਚਿਆਂ ਦਾ ਕੱਦ ਵਧਾਉਂਦੇ ਹਨ। ਮਿਹਦੇ, ਜਿਗਰ, ਅੰਤੜੀਆਂ ਤੇ ਗੁਰਦਿਆਂ ਦੇ ਸਹੀ ਤਰ੍ਹਾਂ ਕੰਮ ਕਰਨ ਲਈ ਲਈ ਵੀ ਇਸ 'ਚ ਲੋੜੀਂਦੇ ਤੱਤ ਹਨ ਜੋ ਵਿਅਕਤੀ ਰੋਜ਼ਾਨਾ ਗੁਰਦੁਆਰਾ ਸਾਹਿਬ ਜਾ ਕੇ ਦੇਗ ਛਕਦਾ ਹੈ ਉਹਦੇ ਹਾਰਮੋਨ ਤੇ ਐਂਜ਼ਾਇਮ ਬਹੁਤ ਸਹੀ ਤਰ੍ਹਾਂ ਕੰਮ ਕਰਨ ਲਗਦੇ ਹਨ। ਉਹਦੇ ਚਿਹਰੇ ਤੇ ਜਾਹੋ ਜਲਾਲ ਵਧਣ ਲੱਗਦਾ ਹੈ, ਅੱਖਾਂ 'ਚ ਚਮਕ ਵਧਦੀ ਹੈ, ਚਿਹਰੇ ਤੇ ਸ਼ਾਂਤੀ, ਖੁਸ਼ੀ ਦੀ ਲਹਿਰ, ਮਾਨਸਿਕ ਸੰਤੁਸ਼ਟੀ ਵੀ ਵਧਣ ਲਗਦੀ ਹੈ। ਵਿਅਕਤੀ ਨੂੰ ਹਰ ਤਰ੍ਹਾਂ ਦੀ ਤੰਦਰੁਸਤੀ ਮਿਲਦੀ ਮਿਲਦੀ ਹੈ। ਅਸੀਂ ਦੇਗ ਦੇ ਕਮਾਲ ਦੇ ਫਾਇਦੇ ਨਾਂ ਦੀ ਕਿਤਾਬ ਛੇਤੀ ਹੀ ਲਿਖਾਂਗੇ।

**ਨੈਚਰਲ ਹਸਪਤਾਲ, ਰਾਮਾ ਕਲੋਨੀ ਮੋਗਾ**
**99140-84724**

# ਗੁਰਮਤਿ ਅਤੇ ਇਸਲਾਮ ਵਿਚ ਪਰਾਈ ਇਸਤਰੀ

ਡਾ. ਹਰਚੰਦ ਸਿੰਘ ਸਰਹਿੰਦੀ



ਮਰਦ ਦੀ ਇਕ ਤੋਂ ਵੱਧ ਔਰਤਾਂ ਨਾਲ ਸਬੰਧ ਸਥਾਪਤ ਕਰਨ ਸਬੰਧੀ ਮੂਲ ਪ੍ਰਵਿਰਤੀ ਅੱਜ ਵੀ ਬੁਨਿਆਦੀ ਤੌਰ 'ਤੇ ਉਹੀਉ ਹੈ, ਜਿਹੜੀ ਮਨੁੱਖ ਦੇ ਵਿਕਾਸ ਦੇ ਸਫ਼ਰ ਦੇ ਆਰੰਭਕ ਪੜਾਵਾਂ ਵੇਲੇ ਸੀ। ਇਹ ਇਕ ਵਿਗਿਆਨਕ ਸੱਚਾਈ ਹੈ ਕਿ ਮਰਦ ਨੇ ਇਹ ਪ੍ਰਵਿਰਤੀ ਆਪਣੇ ਜੰਗਲ ਯੁੱਗ ਦੇ ਪੂਰਵਜਾਂ ਪਾਸੋਂ ਜੀਨਜ਼ ਰਾਹੀਂ ਵਿਰਸੇ ਵਿਚ ਪ੍ਰਾਪਤ ਕੀਤੀ ਹੈ। ਗੱਲ ਕੀ, ਮਨੁੱਖ ਜੰਗਲ 'ਚੋਂ ਬਾਹਰ ਤਾਂ ਆ ਗਿਆ ਹੈ, ਪਰ ਜੰਗਲ ਉਸ ਵਿਚੋਂ ਬਾਹਰ ਨਹੀਂ ਆਇਆ। ਮਤਲਬ ਇਹ ਕਿ ਮਨੁੱਖ ਅੱਜ ਵੀ ਇਕ 'ਪੂਛਹੀਣ ਬਾਂਦਰ' ਹੈ। ਇਹੋ ਕਾਰਨ ਹੈ ਕਿ ਇਕ ਪਤਨੀ-ਇਕ ਪਤੀ ਦੇ ਸਿਧਾਂਤ ਨੂੰ ਦੋਵੇਂ ਮਰਦ ਤੇ ਔਰਤਾਂ ਦਿਲੋਂ ਮਾਨਤਾ ਨਹੀਂ ਦਿੰਦੇ। ਕਿਰਨ ਬੇਦੀ ਸਾਬਕਾ ਆਈ.ਪੀ.ਐਸ. ਦਾ ਕਹਿਣਾ ਹੈ ਕਿ ਪਰਾਈ ਇਸਤਰੀ ਜਾਂ ਪਰਾਏ ਮਰਦ ਨਾਲ ਸਬੰਧ ਸਥਾਪਤ ਕਰਨ ਦਾ ਰੁਝਾਨ ਸਾਡੀ ਮਾਨਸਿਕਤਾ 'ਤੇ ਡੂੰਘਾ ਉੱਕਰਿਆ ਹੋਇਆ ਹੈ। ਕਿਰਨ ਬੇਦੀ ਦੇ ਸ਼ਬਦਾਂ ਵਿਚ : MONOGAMY IS A MYTH IN ANIMAL KINGDOM. IT WAS FOUND TO BE RARE... THE FACT IS THAT INFIDELITY IS IMPRINTED ON OUR PSYCHE. THIS KIND OF CHEATING IS IN OUR GENES. ਇਹੋ ਕਾਰਨ ਹੈ ਕਿ 62 ਪ੍ਰਤੀਸ਼ਤ ਪਿਆਰ ਦੇ ਮਾਮਲਿਆਂ ਦਾ ਮੁੱਢ ਉਨ੍ਹਾਂ ਸਥਾਨਾਂ 'ਤੇ ਬੱਝਦਾ ਹੈ, ਜਿੱਥੇ ਔਰਤਾਂ ਤੇ ਮਰਦ ਇਕੱਠੇ ਕੰਮ ਕਰਦੇ ਹਨ ਅਤੇ ਤਲਾਕ ਦੇ 50 ਪ੍ਰਤੀਸ਼ਤ ਕੇਸ ਵਿਆਹ ਦੀ ਸੰਸਥਾ ਤੋਂ ਬਾਹਰ ਦੇ ਸਬੰਧਾਂ ਦਾ ਸਿੱਟਾ ਹੁੰਦੇ ਹਨ।

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਮਨੁੱਖ ਦੇ ਲਿੰਗਕ ਮਨੋਭਾਵ (SEXUAL EMOTIONS) ਮਨੁੱਖੀ ਜ਼ਿੰਦਗੀ ਦਾ ਬੜਾ ਜ਼ਰੂਰੀ ਅੰਗ ਹਨ। "ਇਹ ਮਨੋਭਾਵ ਕੁਦਰਤ ਦੀ ਦੇਣ ਹਨ, ਕਰਤੇ ਦਾ ਪ੍ਰਸ਼ਾਦ ਹਨ। ਪਰ ਇਸ ਪ੍ਰਸਾਦ ਦੀ ਪਵਿੱਤਰਤਾ ਨੂੰ ਦੋਸ਼ ਨਾ ਲੱਗਣ ਦੇਣਾ ਮਨੁੱਖ ਦਾ ਫਰਜ਼ ਹੈ।"-ਡਾ. ਜਸਵੰਤ ਸਿੰਘ ਨੇਕੀ, 'ਗੁਰਮਤਿ ਮਨੋਵਿਗਿਆਨ'। ਦਰਅਸਲ, ਨਰ ਤੇ ਮਦੀਨ ਲਿੰਗ ਹਾਰਮੋਨਜ਼ ਦੇ ਅਸਰ ਹੇਠ ਮਰਦ ਤੇ ਔਰਤ ਵਿਚਕਾਰ ਖਿੱਚ ਤੇ ਦਿਲਚਸਪੀ ਦਾ ਰੁਝਾਨ ਬਣਿਆ ਰਹਿੰਦਾ ਹੈ। ਇਹ ਆਕਰਸ਼ਨ ਸ਼ਕਤੀ, ਨਸਲ ਵਾਧੇ ਲਈ, ਕੁਦਰਤ ਦਾ ਇਕ ਅਟੱਲ ਨਿਯਮ ਹੈ। ਪਰ ਇਕ ਸੱਭਿਅਕ ਸਮਾਜ ਵਿਚ ਜੰਗਲ ਦੇ ਕਾਨੂੰਨ ਲਈ ਕੋਈ ਸਥਾਨ ਨਹੀਂ-ਇਸ ਆਪ ਮੁਹਾਰੇ ਪ੍ਰਬਲ ਵੇਗ ਨੂੰ ਲਗ਼ਾਮ ਦੇ ਕੇ ਰੱਖਣ ਦੀ ਲੋੜ ਹੁੰਦੀ ਹੈ। ਇਸ ਸ਼ਕਤੀਸ਼ਾਲੀ ਵੇਗ ਦੇ ਵਹਿਣ ਵਿਚ ਵਹਿ ਜਾਣ ਨਾਲ ਜ਼ਿੰਦਗੀ ਨਰਕ ਬਣ ਜਾਂਦੀ ਹੈ, ਘਰ ਤਬਾਹ ਹੋ ਜਾਂਦੇ ਹਨ।

ਗੁਰਮਤਿ ਅਤੇ ਇਸਲਾਮ, ਮਨ ਦੇ ਇਸ ਵੇਗ ਨੂੰ ਰੋਕਣ ਦੀ ਗੱਲ ਨਹੀਂ ਕਰਦੇ, ਬਲਕਿ ਇਸ ਨੂੰ ਥਾਂ ਸਿਰ ਲਾਉਣ ਦਾ ਉਪਦੇਸ਼ ਦਿੰਦੇ ਹਨ, ਯਾਨੀ ਇਸ ਦੇ ਸਹੀ ਨਿਕਾਸ ਦਾ ਰਾਹ ਸੁਝਾਉਂਦੇ ਹਨ। ਪ੍ਰਾਚੀਨ ਹਿੰਦੂ ਮਤ (ਜੋਗ ਮੱਤ) ਦਾ ਸਾਰੀ ਉਮਰ ਬ੍ਰਹਮਚਾਰੀ ਰਹਿਣ ਦਾ ਸਿਧਾਂਤ ਦੋਵੇਂ ਧਰਮਾਂ ਨੂੰ ਮਨਜ਼ੂਰ ਨਹੀਂ ਹੈ। ਦੋਵੇਂ ਧਰਮਾਂ ਦੀ ਵਿਚਾਰਧਾਰਾ ਅਨੁਸਾਰ ਵਿਆਹ ਦੀ ਸੰਸਥਾ ਦੁਆਰਾ ਹੀ ਲਿੰਗਕ ਮਨੋਭਾਵਾਂ ਨੂੰ ਨਿਯੰਤ੍ਰਣ ਵਿਚ ਰੱਖਿਆ ਜਾ ਸਕਦਾ ਹੈ ਅਤੇ ਵਿਆਹ ਤੋਂ ਪਹਿਲਾਂ ਆਤਮ-ਸੰਜਮ ਜ਼ਰੂਰੀ ਹੈ।

ਬੇਸ਼ੱਕ ਔਰਤ ਕਾਮ-ਵੇਗ ਵਿਚ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ, ਫਿਰ ਵੀ ਹਾਰਮੋਨਲ ਕਾਰਨਾਂ ਕਰਕੇ ਮਰਦ ਦਾ ਮਨ-ਮੋਰ ਹਰ ਵੇਲੇ ਪੈਲਾਂ ਪਾਉਂਦਾ ਰਹਿੰਦਾ ਹੈ। ਇਹੋ ਕਾਰਨ ਹੈ ਕਿ ਬਾਪ ਦੇ ਹਾਣ ਦਾ ਮਰਦ ਵੀ ਔਰਤ ਲਈ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ। ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਵੀ ਇਹੋ ਕਹਿੰਦਾ ਹੈ ਕਿ - "ਵਾਰਿਸ ਸ਼ਾਹ ਜਵਾਨੀ ਦੀ ਉਮਰ ਗੁਜ਼ਰੀ, ਅਜੇ ਤਮਾਹ ਨਾ ਹਿਰਸ ਥੀਂ ਬਾਜ਼ ਆਈ।" ਤਾਹੀਉਂ, ਔਰਤਾਂ ਲਈ ਹਜ਼ਰਤ ਮੁਹੰਮਦ ਸਾਹਿਬ ਦਾ ਹੁਕਮ ਹੈ ਕਿ "ਪਤੀ ਦੇ (ਮਰਦ) ਰਿਸ਼ਤੇਦਾਰ, ਮੌਤ ਵਾਂਗ ਬਚਣ ਵਾਲੀ ਚੀਜ਼ ਹਨ।" ਪਤੀ ਦੇ ਜਿਨ੍ਹਾਂ ਰਿਸ਼ਤੇਦਾਰਾਂ ਤੋਂ ਸਾਵਧਾਨ ਰਹਿਣ ਲਈ ਇਸਲਾਮ ਨੇ ਵਿਸ਼ੇਸ਼ ਰੂਪ ਵਿਚ ਤਾਕੀਦ ਕੀਤੀ ਹੈ, ਉਨ੍ਹਾਂ ਵਿਚ ਪਤੀ ਦੇ ਭਰਾ, ਚਚੇਰੇ ਭਰਾ, ਪਤੀ ਦਾ ਪਿਤਾ ਅਤੇ ਸੌਤੀਲੀ ਸੰਤਾਨ ਦੇ ਨਾਲ-ਨਾਲ ਉਹ ਦੂਜੇ ਸਾਰੇ ਰਿਸ਼ਤੇਦਾਰ ਵੀ ਸ਼ਾਮਲ ਹਨ, ਜਿਹੜੇ ਪਤਨੀ ਨਾਲ ਗ਼ੈਰ-ਮਹਿਰਮ ਕਹਾਉਂਦੇ ਹਨ, ਯਾਨੀ ਜਿਨ੍ਹਾਂ ਨਾਲ ਕਿਸੇ ਵਿਸ਼ੇਸ਼ ਪ੍ਰਸਥਿਤੀ ਵਿਚ ਗ੍ਰਹਿਸਤੀ ਰਿਸ਼ਤਾ ਬਣ ਸਕਣ ਦੀ ਕਾਨੂੰਨੀ ਗੁੰਜਾਇਸ਼ ਨਿਕਲਦੀ ਹੋਵੇ। ਇਮਾਮ ਨਵਵੀ ਦੇ ਇਕ ਕਥਨ ਅਨੁਸਾਰ - "(ਪਤੀ ਦੇ)" ਇਨ੍ਹਾਂ ਸਬੰਧੀਆਂ ਤੋਂ ਦੂਸਰਿਆਂ ਦੇ ਮੁਕਾਬਲੇ ਕਿਤੇ ਵੱਧ ਸੁਚੇਤ ਹੋਣ ਦੀ ਲੋੜ ਹੈ, ਕਿਉਂਕਿ ਇਸ ਮਾਮਲੇ ਵਿਚ ਬੁਰਾਈ ਦੀਆਂ ਸੰਭਾਵਨਾਵਾਂ ਅਤੇ ਮੌਕੇ ਵੱਧ ਹੁੰਦੇ ਹਨ। ਉਨ੍ਹਾਂ ਨੂੰ ਔਰਤ ਤੱਕ ਪੁੱਜਣ ਅਤੇ ਇਕਾਂਤ ਅਪਨਾਉਣ ਵਿਚ ਵਧੇਰੇ ਆਸਾਨੀ ਹੁੰਦੀ ਹੈ। ਜ਼ਰਾ ਧਿਆਨ ਦੇਣਾ! ਬਲਾਤਕਾਰ ਦੀਆਂ ਨਿੱਤ ਵਾਪਰ ਰਹੀਆਂ ਘਟਨਾਵਾਂ, ਇਸ ਤੱਥ ਦੀ ਗਵਾਹੀ ਭਰਦੀਆਂ ਹਨ ਕਿ ਬਲਾਤਕਾਰ ਦੇ ਬਹੁਤੇ ਕੇਸਾਂ ਵਿਚ ਅਜਨਬੀ ਮਰਦਾਂ ਦੇ ਮੁਕਾਬਲੇ ਸਬੰਧਤ ਔਰਤਾਂ ਦੇ ਨਜ਼ਦੀਕੀ ਰਿਸ਼ਤੇਦਾਰ, ਗੁਆਂਢੀ

ਜਾਂ ਜਾਣ-ਪਛਾਣ ਵਾਲੇ ਵਿਅਕਤੀ ਵੱਧ ਕਸੂਰਵਾਰ ਹੁੰਦੇ ਹਨ।

ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਕਈ ਹੋਰ ਫ਼ੁਰਮਾਨਾਂ ਰਾਹੀਂ ਵੀ ਮਰਦ ਅਤੇ ਔਰਤ ਨੂੰ ਇਕਾਂਤ ਵਿਚ ਮੇਲ-ਜੋਲ ਤੋਂ ਸਖ਼ਤੀ ਨਾਲ ਵਰਜਿਆ ਹੈ। ਇਕ ਫ਼ੁਰਮਾਨ ਅਨੁਸਾਰ - "ਜਦ ਕਦੀ ਕੋਈ ਮਰਦ ਅਤੇ ਔਰਤ ਇਕਾਂਤ ਵਿਚ ਮਿਲਦੇ ਹਨ ਤਾਂ ਤੀਸਰਾ ਉਨ੍ਹਾਂ ਵਿਚਕਾਰ ਸ਼ੈਤਾਨ ਹੁੰਦਾ ਹੈ।" (ਤਿਰਮਜ਼ੀ)। ਇਸ ਦੀ ਵਿਆਖਿਆ ਕਰਦਿਆਂ ਦੱਸਿਆ ਗਿਆ ਹੈ ਕਿ ਸ਼ੈਤਾਨ ਮਨੁੱਖ ਦੇ ਸਰੀਰ ਅੰਦਰ ਖ਼ੂਨ ਵਾਂਗ ਗਤੀ ਕਰਦਾ ਹੈ। ਇਸ ਫ਼ੁਰਮਾਨ ਦੁਆਰਾ ਹਜ਼ਰਤ ਮੁਹੰਮਦ ਸਾਹਿਬ ਨੇ ਇਕ ਵਿਗਿਆਨਕ ਤੱਥ ਨੂੰ ਨਵੀਂ ਪਰਿਭਾਸ਼ਾ ਦਿੱਤੀ ਹੈ। ਕਿਵੇਂ? ਸੰਖੇਪ ਵਿਚ, ਮਰਦ ਦੇ ਖ਼ੂਨ ਅੰਦਰ ਗਰਦਿਸ਼ ਕਰ ਰਿਹਾ ਨਰ ਲਿੰਗ ਹਾਰਮੋਨ-ਟੈਸਟੋਸਟੀਰਾਨ (TESTOSTERONE), ਇਕ ਤਰ੍ਹਾਂ ਨਾਲ ਸ਼ੈਤਾਨ ਹੀ ਤਾਂ ਹੈ, ਜੋ ਮਰਦ ਨੂੰ ਔਰਤਾਂ ਵਿਚ ਦਿਲਚਸਪੀ ਲੈਣ ਲਈ ਹਰ ਵੇਲੇ ਉਕਸਾਉਂਦਾ ਰਹਿੰਦਾ ਹੈ ਅਤੇ ਕਿਸੇ ਬੇਗ਼ਾਨੀ ਔਰਤ ਨਾਲ ਇਕਾਂਤ ਵਿਚ ਮਿਲਾਪ ਹੋ ਜਾਣ ਦੀ ਸੂਰਤ ਵਿਚ ਇਸ 'ਸ਼ੈਤਾਨ' ਦੇ ਬੇਕਾਬੂ ਹੋ ਜਾਣ ਦੀਆਂ ਸੰਭਾਵਨਾਵਾਂ ਕਈ ਗੁਣਾਂ ਵੱਧ ਜਾਂਦੀਆਂ ਹਨ ਅਤੇ ਦੁਖਾਂਤ ਵਾਪਰ ਸਕਦਾ ਹੈ। ਇਹੋ ਕਾਰਨ ਹੈ ਕਿ "ਜਦੋਂ ਜੰਗਲ ਵਿਚ ਇਕ ਉਜਾੜ ਥਾਂ 'ਤੇ ਇਕ ਔਰਤ ਨਜ਼ਰ ਆ ਜਾਵੇ ਤਾਂ ਕੋਈ ਵੀ ਮਰਦ ਉਸ ਨਾਲ ਬਲਾਤਕਾਰ ਕਰਨ ਦਾ ਇਰਾਦਾ ਬਣਾ ਸਕਦਾ ਹੈ।" ਇਹ ਵਿਚਾਰ, ਉਤਰਾਖੰਡ ਦੀਆਂ ਔਰਤਾਂ ਨਾਲ ਕੀਤੀ ਛੇੜਛਾੜ ਤੇ ਬਲਾਤਕਾਰ ਦੀਆਂ ਵਾਰਦਾਤਾਂ ਦੀ ਸੁਣਵਾਈ ਕਰ ਰਹੇ ਸ੍ਰੀ ਅਨੰਤ ਕੁਮਾਰ ਸਿੰਘ, ਜ਼ਿਲ੍ਹਾ ਮੈਜਿਸਟਰੇਟ, ਮੁਜ਼ੱਫਰਨਗਰ ਵੱਲੋਂ ਸੰਨ 1994 ਵਿਚ ਇਕ ਇੰਟਰਵਿਊ ਦੌਰਾਨ ਪ੍ਰਗਟਾਏ ਗਏ ਸਨ। ਸਾਡਾ ਲੋਕ-ਸਾਹਿਤ ਵੀ ਮਰਦ ਦੀ ਇਸ ਅਵੱਲੀ ਪ੍ਰਵਿਰਤੀ (SEXUAL INSTINCT) ਦਾ ਚੁਰਾਹੇ 'ਚ ਭਾਂਡਾ ਭੰਨਦਾ ਹੈ। ਅਖੇ - "ਟਾਂਡੇ ਚੂਪਦੈਂ ਚਰੀ ਦੇ ਹਾਣੀਆਂ, ਘਰ 'ਚ ਸੰਧੂਰੀ ਅੰਬੀਆਂ।"

ਖ਼ੈਰ! ਹਜ਼ਰਤ ਮੁਹੰਮਦ ਸਾਹਿਬ ਨੇ ਮਰਦਾਂ ਨੂੰ ਬੇਗ਼ਾਨੀਆਂ ਔਰਤਾਂ ਕੋਲ ਜਾਣ ਤੋਂ ਬਚਣ ਦੀ ਸਖ਼ਤ ਤਾਕੀਦ ਕੀਤੀ ਹੈ। ਹੁਕਮ ਹੈ : "ਹੇ ਲੋਕੋ! ਬੇਗਾਨੀਆਂ ਔਰਤਾਂ ਕੋਲ ਜਾਣ ਤੋਂ ਬਹੁਤ ਜ਼ਿਆਦਾ ਪ੍ਰਹੇਜ਼ ਕਰੋ।" ਪਵਿੱਤਰ ਕੁਰਾਨ ਦੀ ਸੂਰਤ 'ਨੂਰ' ਵਿਚ ਮਰਦਾਂ ਨੂੰ ਤਾਕੀਦ ਕੀਤੀ ਗਈ ਹੈ ਕਿ ਜਦੋਂ ਔਰਤ ਘਰ ਵਿਚ ਇਕੱਲੀ ਹੋਵੇ ਤਾਂ ਗ਼ੈਰ ਪੁਰਸ਼ਾਂ ਨੂੰ ਘਰ 'ਚ ਦਾਖਲ ਨਹੀਂ ਹੋਣਾ ਚਾਹੀਦਾ। ਇਸ ਸੁਨਹਿਰੀ ਸਿਧਾਂਤ 'ਤੇ ਪਹਿਰਾ ਦੇਣ ਨਾਲ ਕਾਮ-ਵਾਸ਼ਨਾ ਰੂਪੀ ਸ਼ੈਤਾਨ ਮਨੁੱਖ ਤੋਂ ਦੂਰ ਹੀ ਰਹੇਗਾ। ਇਤਫ਼ਾਕਵੱਸ, ਚਾਣਕਿਆ ਵੀ ਮਰਦਾਂ ਨੂੰ ਇਹੋ ਸਲਾਹ ਦਿੰਦਾ ਹੈ ਕਿ "ਜੇ ਪੱਕੀ ਦੋਸਤੀ ਚਾਹੁੰਦੇ ਹੋ ਤਾਂ ਆਪਣੇ ਦੋਸਤ ਦੀ ਪਤਨੀ ਨਾਲ ਇਕੱਲਿਆ ਗੱਲਬਾਤ ਕਰਨੀ ਛੱਡ ਦਿਓ।" ਉਧਰ, ਔਰਤ ਨੂੰ ਵੀ ਆਪਣੇ ਪਿਤਾ, ਭਰਾ ਜਾਂ ਪਤੀ ਦੇ ਦੋਸਤਾਂ ਅਤੇ ਸਹਿਕਰਮੀ ਮਰਦਾਂ ਨਾਲ ਲੋੜੋਂ ਵੱਧ ਘੁਲਣਾ-ਮਿਲਣਾ ਨਹੀਂ ਚਾਹੀਦਾ।

ਜੀਵਨ ਤਜ਼ਰਬਾ ਦੱਸਦਾ ਹੈ ਕਿ ਔਰਤ ਵੱਲੋਂ ਆਪਣੇ ਵਾਕਿਫ਼ ਮਰਦਾਂ ਦੇ ਸਾਹਮਣੇ ਖੁੱਲ੍ਹੀ ਕਿਤਾਬ ਵਾਂਗ ਪੇਸ਼ ਆਉਣਾ, ਬੁਰਾਈ ਨੂੰ ਸੱਦਾ ਦੇਣ ਦੇ ਤੁਲ ਹੁੰਦਾ ਹੈ।... ਨਹੀਂ ਤਾਂ ਮਰਦ ਦੀ ਕੀ ਮਜਾਲ ਹੈ ਕਿ ਉਹ ਬੇਗ਼ਾਨੀ ਔਰਤ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰ ਸਕੇ।

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ, ਦਾ ਫ਼ੁਰਮਾਨ ਹੈ - "ਸਕਲ ਧਰਮ ਮੇ ਗ੍ਰਿਹਸਥ ਪ੍ਰਧਾਨ ਹੈ।" ਗੱਲ ਕੀ, ਘਰ-ਗ੍ਰਹਿਸਥੀ ਦਾ ਸਫ਼ਰ ਹੀ ਮਨੁੱਖ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਵੇਖਣ ਵਿਚ ਆਉਂਦਾ ਹੈ ਕਿ 'ਖ਼ੁਸ਼ਕ ਰਾਹ 'ਤੇ ਤੁਰਦਿਆਂ' ਦੋਵੇਂ ਮਰਦ ਤੇ ਔਰਤ ਅੱਧਵਾਟੇ ਹੀ ਥੱਕ ਜਾਂਦੇ ਹਨ, ਜਦੋਂ ਕਿ ਜੀਵਨ-ਸਾਥੀ ਦਾ ਪ੍ਰਛਾਵੇਂ ਵਾਂਗ ਨਾਲ ਤੁਰਦਾ ਸਾਥ ਜੀਵਨ ਵਿਚ ਰਸ ਘੋਲ਼ ਜਾਂਦਾ ਹੈ।... ਪਰ ਜੀਵਨ-ਸਾਥੀ ਪ੍ਰਤੀ ਆਪਣੇ ਫ਼ਰਜ਼ ਤੋਂ ਸੁਚੇਤ ਕਰਦਿਆਂ, ਗੁਰਬਾਣੀ ਸਾਨੂੰ "ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥" ਅਤੇ "ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ।" ਦਾ ਸੰਕਲਪ ਵੀ ਦਿੰਦੀ ਹੈ। ਗੁਰਬਾਣੀ ਵਿਚ 'ਜਤੀ' ਸ਼ਬਦ ਦਾ ਅਰਥ ਹੈ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰੱਖਣਾ। ਸੋ, ਜੋ ਗ੍ਰਹਿਸਥੀ ਹੋ ਕੇ ਪਰ-ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ, ਉਹ ਤਾਂ ਜਤੀ ਦੀ ਪਦਵੀ ਤੋਂ ਮੁੱਢੋਂ ਹੀ ਦੂਰ ਹੈ।

ਵਿਆਹ ਦੀ ਸੰਸਥਾ ਤੋਂ ਬਾਹਰ ਦੇ ਸਬੰਧ ਜਿੱਥੇ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਨੂੰ ਕਲੰਕਤ ਕਰਦੇ ਹਨ, ਉਥੇ ਨੈਤਿਕਤਾ ਨੂੰ ਢਾਹ ਵੀ ਲਾਉਂਦੇ ਹਨ। ਸਾਡਾ ਲੋਕ-ਸਾਹਿਤ ਵੀ ਇਸ ਨੂੰ ਇਕ ਸਮਾਜਿਕ ਬੁਰਾਈ ਦੇ ਤੌਰ 'ਤੇ ਪੇਸ਼ ਕਰਦਾ ਹੈ। ਇਕ ਲੋਕ-ਬੋਲੀ ਦੀਆਂ ਤੁਕਾਂ ਹਨ : "ਬੇਗ਼ਾਨੀਆਂ ਔਰਤਾਂ ਨਾ ਤੱਕ ਬਸੰਤੀ ਚੀਰੇ ਵਾਲ਼ਿਆ, ਜੇ ਤੈਨੂੰ ਤੱਕਣੇ ਦਾ ਚਾਅ...।" ਸਿੱਖ ਰਹਿਤ ਮਰਿਆਦਾ ਦੀਆਂ ਚਾਰ ਬੱਜਰ ਕੁਰਹਿਤਾਂ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ : ਆਪਣੀ ਪਤਨੀ ਜਾਂ ਪਤੀ ਤੋਂ ਇਲਾਵਾ ਕਿਸੇ ਹੋਰ ਨਾਲ ਕਾਮ ਸਬੰਧ ਰੱਖਣਾ। ਇਸ ਤਰ੍ਹਾਂ ਦੇ ਅਨੈਤਿਕ ਜਿਨਸੀ ਸਬੰਧ ਸਥਾਪਤ ਕਰਨ ਨੂੰ ਵਿਭਚਾਰ ਮੰਨਿਆ ਜਾਂਦਾ ਹੈ। ਇਸ ਪ੍ਰਸੰਗ ਵਿਚ, ਗੁਰਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖ ਨੂੰ ਹਦਾਇਤ ਕਰਦੇ ਹਨ ਕਿ "ਸਿੱਖ ਜਿਸ ਔਰਤ ਨਾਲ ਅਨੰਦ ਕਾਰਜ ਕਰਦਾ ਹੈ, ਉਹੋ ਹੀ ਉਸ ਦੀ ਪਤਨੀ ਹੈ। ਉਸ ਤੋਂ ਬਿਨਾਂ ਵੱਡੀ ਉਮਰ ਦੀਆਂ ਔਰਤਾਂ ਉਸ ਦੀਆਂ ਮਾਤਾਵਾਂ ਤੇ ਭੈਣਾਂ ਹਨ ਤੇ ਛੋਟੀ ਉਮਰ ਦੀਆਂ ਲੜਕੀਆਂ ਪੁੱਤਰੀਆਂ ਹਨ।" ਗੱਲ ਨੂੰ ਜਾਰੀ ਰੱਖਦਿਆਂ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢਈਓ।**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂ ਨ ਜਈਓ।**
**(ਚਰਿਤ੍ਰ ੨੧ : ੫੮)**

ਭਾਵ, ਆਪਣੀ ਪਤਨੀ ਨਾਲ ਤਾਂ ਭਾਵੇਂ ਨਿੱਤ ਪਿਆਰ ਵਧਾਓ, ਪਰ ਪਰਾਈ ਇਸਤਰੀ ਕੋਲ ਭੁੱਲ ਕੇ ਸੁਪਨੇ ਵਿਚ ਵੀ ਨਾ ਜਾਓ। ਗੱਲ ਕੀ, ਗੁਰਮਤਿ ਵਿਚਾਰਧਾਰਾ ਅਨੁਸਾਰ ਵਿਆਹੁਤਾ ਜੀਵਨ ਵਿਚ ਕਾਮ ਸੁਖ ਦੀ ਪ੍ਰਾਪਤੀ ਮਨੁੱਖ ਦੀ ਇਕ ਬਿਲਕੁਲ ਜਾਇਜ਼ ਸਰਗਰਮੀ ਹੈ, ਪਰ ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ - "ਪਰ ਘਰਿ ਚਿਤੁ ਨਾ ਡੋਲਾਈ।" ਇਵੇਂ ਹੀ, ਪਰਾਏ ਪੁਰਸ਼ 'ਤੇ ਚਿਤ ਡੁਲਾਉਣ ਵਾਲੀ ਇਸਤਰੀ ਨੂੰ ਦੁਹਾਗਣ ਕਹਿ ਕੇ ਨਿੰਦਿਆ ਗਿਆ ਹੈ ਅਤੇ ਉਹ ਝੂਰ-ਝੂਰ ਕੇ ਮਰਦੀ ਹੈ -

**ਨਾਨਕ ਝੂਰਿ ਮਰਹਿ ਦੋਹਾਗਣੀ**
**ਜਿਨ੍ ਅਵਰੀ ਨਾਮਾ ਨੇਹੁ ॥**

ਐਨ ਉਵੇਂ ਹੀ ਪਰਾਈ ਇਸਤਰੀ 'ਤੇ ਚਿਤ ਡੁਲਾਉਣ ਵਾਲਾ ਮਰਦ ਵੀ ਜਦੋਂ ਕਦੇ ਆਪਣੇ ਅਤੀਤ 'ਤੇ ਨਜ਼ਰ ਮਾਰਦਾ ਹੈ ਤਾਂ ਪਛਤਾਵਾ ਹੀ ਉਸ ਦੇ ਪੱਲੇ ਪੈਂਦਾ ਹੈ, ਉਹ ਝੂਰਦਾ ਹੈ। ਫ਼ੁਰਮਾਨ ਹੈ -

**ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥**
**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥**
**(ਧਨਾਸਰੀ, ਮਹਲਾ ੫, ੬੭੨)**

ਇਸ ਪਛਤਾਵੇ ਤੋਂ ਬਚਣ ਲਈ ਗੁਰੂ ਸਾਹਿਬਾਨ ਤੇ ਵੱਖ-ਵੱਖ ਭਗਤਾਂ ਦੀ ਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ। ਗੁਰੂ ਅਰਜਨ ਦੇਵ ਜੀ ਮਰਦ ਨੂੰ ਪਰਾਈ ਇਸਤਰੀ ਦੇ ਰੂਪ ਵੱਲ ਮੰਦਭਾਵਨਾ ਨਾਲ ਵੇਖਣ ਤੋਂ ਵਰਜਦੇ ਹਨ - "ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।" ਭਗਤ ਕਬੀਰ ਜੀ ਆਪਣੇ ਹੀ ਨਿਵੇਕਲੇ ਅੰਦਾਜ਼ ਵਿਚ ਇਉਂ ਖ਼ਬਰਦਾਰ ਕਰਦੇ ਹਨ : "ਪਰ ਨਾਰੀ ਪੈਨੀ ਛੁਰੀ ਮਤ ਕੋਇ ਲਾਵੋ ਅੰਗ।"

ਭਾਵ, ਪਰਾਈ ਇਸਤਰੀ ਨਾਲ ਸਬੰਧ ਸਥਾਪਤ ਕਰਨਾ ਇਕ ਨੰਗੀ ਛੁਰੀ ਪਹਿਨਣ ਦੇ ਤੁਲ ਹੈ, ਜੋ ਸਰੀਰ ਨੂੰ ਪੱਛਦੀ ਹੈ। ਤੇ ਬਾਬਾ ਨਾਮਦੇਵ ਜੀ ਅਨੁਸਾਰ :

**ਘਰ ਕੀ ਨਾਰਿ ਤਿਆਗੈ ਅੰਧਾ ॥**
**ਪਰ ਨਾਰੀ ਸਿਉ ਘਾਲੈ ਧੰਧਾ ॥**

ਗੁਰਬਾਣੀ ਦੇ ਅਸੂਲਾਂ ਦਾ ਸਤਿਕਾਰ ਨਾ ਕਰਨ ਵਾਲਾ ਇਨਸਾਨ ਅਖ਼ੀਰ ਨੂੰ ਦੁਖ ਪਾਉਂਦਾ ਤੇ ਪਛਤਾਉਂਦਾ ਹੈ -

**"ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥...**
**ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥" (ਆਸਾ, ਮਹਲਾ ੫)।**

ਖ਼ੁਸ਼ਵੰਤ ਸਿੰਘ ਆਪਣੀ ਪੁਸਤਕ - 'ਖ਼ੁਸ਼ਵੰਤਨਾਮਾ : ਦਿ ਲੈਸਨਜ਼ ਆਫ਼ ਮਾਈ ਲਾਈਫ਼' ਵਿਚ ਲਿਖਦਾ ਹੈ ਕਿ "ਜਦੋਂ ਮੈਂ ਆਪਣੀ ਜ਼ਿੰਦਗੀ ਦੇ ਪਛਤਾਵਿਆਂ ਬਾਰੇ ਸੋਚਦਾ ਹਾਂ ਤਾਂ ਮੈਨੂੰ ਇਸ ਗੱਲ ਦਾ ਵੀ ਅੰਦਰੋਂ ਝੋਰਾ ਹੈ ਕਿ ਮੈਂ ਔਰਤ ਨੂੰ ਹਮੇਸ਼ਾ ਭੋਗ ਦੀ ਵਸਤੂ ਸਮਝਿਆ।"

ਅੰਤ ਵਿਚ, ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ

**"ਏਕ ਜੋਤਿ ਦੁਇ ਮੂਰਤੀ"**

ਦਾ ਸਿਧਾਂਤ, ਜਿੱਥੇ ਸਫ਼ਲ ਤੇ ਖੇੜੇ ਭਰਪੂਰ ਵਿਆਹੁਤਾ ਜੀਵਨ ਦੀ ਕੁੰਜੀ ਹੈ, ਉਥੇ ਏਡਜ਼ ਅਤੇ ਕਈ ਹੋਰ ਭਿਆਨਕ ਬਿਮਾਰੀਆਂ ਤੋਂ ਬਚਾਉ-ਛਤਰ ਵੀ ਪ੍ਰਦਾਨ ਕਰਦਾ ਹੈ।

**ਮਕਾਨ ਨੰ. 2858, ਵਾਰਡ ਨੰ. 9,**
**ਸਰਹਿੰਦ (ਪੰਜਾਬ)-140406**
**ਫ਼ੋਨ - 92178-45812**

# ਤੰਦੂਰ ਇਕ ਰੋਟੀ ਲਾਉਣ ਵਾਲਾ ਸਾਧਨ ਹੀ ਨਹੀਂ ਸਗੋਂ ਆਪਸੀ ਭਾਈਚਾਰੇ ਦਾ ਪ੍ਰਤੀਕ ਵੀ ਹੁੰਦਾ ਸੀ !

**ਡਾ. ਮਨਜੀਤ ਸਿੰਘ ਸਰਾਂ**



ਅੱਜ ਦੀ ਨਵੀਂ ਪੀੜ੍ਹੀ ਲਈ 'ਤੰਦੂਰ' ਇਕ ਸ਼ਬਦ ਜਿਹਾ ਬਣ ਕੇ ਰਹਿ ਗਿਆ ਹੈ। ਗੁਰਦਾਸ ਮਾਨ ਸਾਹਿਬ ਗੀਤ ਵਾਂਗ ਹੁਣ ਨਾਂ ਤਾਂ ਤੰਦੂਰ ਰਹਿਗੇ ਹਨ ਅਤੇ ਨਾਂ ਹੀ ਤੰਦੂਰ ਬਾਲਣ ਵਾਲੀਆਂ ਰਹਿ ਗਈਆਂ ਹਨ।

ਜਦੋਂ ਤੰਦੂਰਾਂ ਦਾ ਜ਼ਮਾਨਾ ਹੁੰਦਾ ਸੀ ਤਾਂ ਆਪਣੀ ਗਲੀ-ਮੁਹੱਲੇ ਦੀਆਂ ਔਰਤਾਂ ਸਾਰੇ ਘਰਾਂ 'ਚ ਤੰਦੂਰ ਬਾਲਣ ਦੀ ਥਾਂ ਇਕ ਹੀ ਤੰਦੂਰ ਬਾਲਦੀਆਂ ਸਨ। ਕਿਉਂਕਿ ਇਸ ਨਾਲ ਜਿਥੇ ਬਾਲਣ ਦੀ ਬਚਤ ਹੁੰਦੀ ਸੀ, ਉਥੇ ਆਪਸੀ ਭਾਈਚਾਰੇ 'ਚ ਵਾਧਾ ਹੁੰਦਾ ਸੀ। ਕੁਝ ਸਿਆਣੇ ਬਜ਼ੁਰਗਾਂ ਦਾ ਮੰਨਣਾ ਸੀ ਕਿ ਤੰਦੂਰ ਦੀ ਰੋਟੀ ਜਿਥੇ ਸਵਾਦ ਹੁੰਦੀ ਸੀ, ਉਥੇ ਉਸ ਵਿਚ ਬਰਕਤ ਹੁੰਦੀ ਸੀ ਕਿਓਂ ਕਿ ਇਹ ਰੋਟੀਆਂ ਸਾਰੀਆਂ ਔਰਤਾਂ ਰਲ ਮਿਲਕੇ ਬਣਾਉਂਦੀਆਂ ਸਨ। ਤੰਦੂਰ ਤੇ ਨਾਂ ਵਡੇ-ਛੋਟੇ ਅਤੇ ਨਾਂ ਅਮੀਰ ਗਰੀਬ ਦਾ ਸਵਾਲ ਹੁੰਦਾ ਸੀ ਤੇ ਸਬ ਰਲ ਮਿਲ ਕੇ ਇਕ ਦੂਜੇ ਦੀ ਮਦਦ ਕਰਦਿਆਂ ਪਲਾਂ 'ਚ ਰੋਟੀਆਂ ਬਣਾ ਲਈਆਂ ਜਾਂਦੀਆਂ ਸਨ। ਜਿਸ ਕਰਕੇ ਲੋਕਾਂ 'ਚ ਆਪਸੀ ਭਾਈਚਾਰੇ ਇਕ ਸਾਂਝ ਬਣੀ ਰਹਿੰਦੀ ਸੀ ਅਤੇ ਹੁਣ ਨਾਂ ਹੀ ਓਹ ਸਾਂਝੇ ਤੰਦੂਰ ਰਹੇ ਹਨ ਤੇ ਨਾਂ ਹੀ ਓਹ ਆਪਸੀ ਭਾਈਚਾਰੇ ਵਾਲੀ ਸਾਂਝ ਰਹੀ।

ਬੁਹਤਿਆਂ ਲੋਕਾਂ ਦਾ ਤਾਂ ਆਖਣਾ ਹੈ ਕਿ ਅੱਜ ਦੀਆਂ ਨਵੀਆਂ ਕੁੜੀਆਂ ਨੂੰ ਰੋਟੀਆਂ ਲਾਉਣੀਆਂ ਤਾਂ ਇਕ ਪਾਸੇ, ਓਨਾਂ ਨੂੰ ਤੰਦੂਰ ਤੱਕ ਯਾਦ ਨਹੀਂ ਹੈ ਅਤੇ ਇਸੇ ਕਰਕੇ ਹੁਣ ਤੰਦੂਰਾਂ-ਚੁਲ੍ਹਿਆਂ ਦੀ ਥਾਂ, ਗੈਸ ਚੁਲਿਆਂ ਨੇ ਲੈ ਲਈ ਹੈ। ਤੰਦੂਰਾਂ ਤੇ ਰੋਟੀਆਂ ਲਾਉਂਦਿਆਂ ਔਰਤਾਂ ਆਪਣੇ ਦੁਖ ਸੁਖ ਸਾਂਝੇ ਕਰ ਲੈਂਦੀਆਂ ਸਨ ਪਰ ਅੱਜ !


**ਡਾ. ਮਨਜੀਤ ਸਿੰਘ ਸਰਾਂ**

# ਦੀਵਾਨ ਸਿੰਘ ਮਹਿਰਮ

ਇਨ੍ਹਾਂ ਦਾ ਜਨਮ ਭਾਰਤ-ਪਾਕਿ ਵੰਡ ਤੋਂ ਪਹਿਲਾਂ 6 ਜਨਵਰੀ 1914 ਨੂੰ ਸ. ਰਾਮ ਸਿੰਘ ਦੇ ਘਰ ਪਿੰਡ ਨੰਗਲ ਸਾਹੂ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਪ੍ਰਾਇਮਰੀ ਪਿੰਡ ਦੇ ਸਕੂਲ, ਮਿਡਲ ਖੋਖਰਵਾਲੀ ਅਤੇ ਦਸਵੀਂ ਪਸਰੂਰ ਸਕੂਲ ਤੋਂ ਪਾਸ ਕੀਤੀ। ਗਿਆਨੀ ਅਤੇ ਐਸ.ਏ.ਵੀ. ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਪਾਸ ਕਰਨ ਉਪਰੰਤ ਅਧਿਆਪਕ ਦਾ ਕਿੱਤਾ ਆਰੰਭ ਕਰ ਲਿਆ, ਪ੍ਰੰਤੂ ਇਨਕਲਾਬੀ ਸੋਚ ਅਤੇ ਸ਼ਾਇਰਾਨਾ ਦੀਵਾਨਗੀ ਨੇ ਬਹੁਤਾ ਸਮਾਂ ਨੌਕਰੀ ਨਾ ਕਰਨ ਦਿੱਤੀ।

ਦੇਸ਼ ਵੰਡ ਤੋਂ ਪਹਿਲਾਂ ਅਤੇ ਕੁਝ ਸਮਾਂ ਬਾਅਦ ਉਰਦੂ ਮੁਸ਼ਾਇਰਿਆਂ ਦਾ ਅਨੁਸਰਨ ਕਰਦਿਆਂ ਕੁਝ ਉਦਮੀ ਕਵੀਆਂ ਨੇ ਪੰਜਾਬੀ ਕਵੀ-ਦਰਬਾਰਾਂ ਦੀ ਵੀ ਸ਼ੁਰੂਆਤ ਕਰ ਲਈ। ਪਾਠਕਾਂ ਅਤੇ ਸਰੋਤਿਆਂ ਨੂੰ ਆਕਰਸ਼ਿਤ ਕਰਨ ਲਈ ਪਿੰਗਲ ਤੇ ਆਰੂਜ ਮੁਤਾਬਕ ਤੁੱਕ ਤੁਕਾਂਤ ਵਾਲੀ ਛੰਦ ਬੱਧ ਕਵਿਤਾ ਪੜ੍ਹੀ ਲਿਖੀ ਤੇ ਸੁਣੀ ਜਾਣ ਲੱਗੀ। ਇਕ ਕਾਵਿ-ਯੱਗ ਵਿਚ ਸਰਵ ਸ੍ਰੀ ਕਰਤਾਰ ਸਿੰਘ ਬਲੱਗਣ, ਬਿਸ਼ਨ ਸਿੰਘ ਉਪਾਸ਼ਕ, ਇੰਦਰਜੀਤ ਸਿੰਘ ਤੁਲਸੀ, ਰਾਮ ਨਰਾਇਣ ਸਿੰਘ ਦਰਦੀ, ਹਜ਼ਾਰਾ ਸਿੰਘ ਗੁਰਦਾਸਪੁਰੀ, ਜਸਵੰਤ ਰਾਏ, ਬਰਕਤ ਰਾਮ ਯੁਮਨ, ਮੁਸ਼ਤਾਕ ਅਤੇ ਦੀਵਾਨ ਸਿੰਘ ਮਹਿਰਮ ਸਮੇਤ ਕੁਝ ਹੋਰ ਪ੍ਰਮੁੱਖ ਸਮਕਾਲੀ ਕਵੀ ਇਨ੍ਹਾਂ ਪੰਜਾਬੀ ਕਾਵਿ-ਮਹਿਫ਼ਲਾਂ ਦਾ ਸ਼ਿੰਗਾਰ ਅਤੇ ਰੂਹ-ਏ-ਰਵਾਂ ਬਣੇ।


ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ
ਪੀ.ਈ.ਐਸ.-1
ਸੇਵਾ ਮੁਕਤ ਕਾਲਜ ਪ੍ਰਿੰਸੀਪਲ
98153-03206

ਦੀਵਾਨ ਸਿੰਘ ਮਹਿਰਮ ਕੱਦ-ਕਾਠ ਦੇ ਉਚੇ ਲੰਮੇ, ਸਰੀਰ ਦੇ ਭਰਵੇਂ ਪ੍ਰਭਾਵੀ ਖੂਬਸੂਰਤ ਸੀਰਤ ਵਾਲੇ ਹੋਣ ਕਰਕੇ ਜਦੋਂ ਆਪਣੀ ਨਿੱਗਰ ਆਵਾਜ਼ ਮਾਰਸਿਕ ਅੰਦਾਜ਼ ਨਾਲ ਕਵਿਤਾ ਗ਼ਜ਼ਲਾਂ ਅਤੇ ਵਾਰਾਂ ਸੁਣਾਇਆ ਕਰਦੇ ਸਨ ਤਾਂ ਸਰੋਤੇ ਆਨੰਦ ਮਾਣਦੇ ਹੋਏ ਮੰਤਰ ਮੁਗਧ ਹੋ ਜਾਇਆ ਕਰਦੇ ਸਨ।

ਇਨ੍ਹਾਂਨ ੇਬ ਹੁਤਸ ਾਰੇਨ ਵੇਂਅ ਭਿਆਸੀਕ ਵੀਆਂਨੂੰ ਓ_ਸਤਾਦ ਸ਼ਾਇਰਾਂ ਵਾਂਗ ਸੋਧਿਆ ਸੁਆਰਿਆ ਅਤੇ ਪੰਜਾਬੀ ਕਵੀ ਦਰਬਾਰਾਂ ਵਿਚ ਉਤਾਰਿਆ ਜਿਹੜੇ ਅੱਜ ਬੜੇ ਹੀ ਮਹੱਤਵਪੂਰਨ ਹਸਤਾਖਰ ਬਣ ਚੁੱਕੇ ਹਨ।

ਇਨ੍ਹਾਂ ਨੇ ਪੰਜਾਬੀ ਕਾਵਿ ਦੀ ਹਰ ਵਿਧਾ ਤੇ ਬੜੀ ਸਫਲਤਾ ਪੂਰਵਕ ਕਲਮ-ਅਜ਼ਮਾਈ ਕੀਤੀ ਹੈ ਅਤੇ ਆਪਣੇ ਪ੍ਰਸ਼ੰਸ਼ਕ ਪਾਠਕਾਂ ਤੇ ਸਰੋਤਿਆਂ ਦੀ ਝੋਲੀ ਵਿਚ 12 ਦੇ ਕਰੀਬ ਕਾਵਿ ਸੰਗ੍ਰਹਿ ਪਾਏ ਹਨ। ਇਨ੍ਹਾਂ ਵਿਚੋਂ ਕੁਝ ਇਕ ਦੇ ਨਾਮ ਇਸ ਪ੍ਰਕਾਰ ਹਨ:

ਸਰਬੱਤ ਦਾ ਭਲਾ, ਤੱਤੀ ਤਵੀ, ਨਿਰੰਕਾਰੀ ਨੂਰ, ਕਲਗੀ ਵਾਲਾ, ਜੀਵੇ ਦੇਸ਼ ਮਹਾਨ, ਦੁਸ਼ਟ ਦੰਮਨ, ਬਾਬਲਾ ਵਰ ਲੋੜੀਏ, ਰੁਬਾਈਆਂ, ਪਾਣੀ ਤੇ ਲਕੀਰ (ਗ਼ਜ਼ਲ ਸੰਗ੍ਰਹਿ)। ਇਨ੍ਹਾਂ ਦੀਆਂ ਗ਼ਜ਼ਲਾਂ ਵਿਚੋਂ ਇਕ ਦੋ ਸ਼ਿਅਰ ਉਦਾਹਰਣ ਵਜੋਂ ਉਧਰਿਤ ਕੀਤੇ ਜਾਂਦੇ ਹਨ -

**ਜੇ ਦੋਸਤ ਨਹੀਂ ਤਾਂ ਦੁਸ਼ਮਣ ਸਹੀ, ਇਕ ਰਿਸ਼ਤਾ ਤਾਂ ਗੰਢ ਬੈਠੇ ਹਾਂ।**
**ਜੋ ਹਰ ਦਮ ਚੇਤੇ ਰਹਿੰਦਾ ਹੈ, ਉਹਨੂੰ ਕੌਣ ਕਹੇ ਬਿਗਾਨਾ ਹੈ।**

*

**ਕਹਿੰਦੇ ਨੇ ਇਸ਼ਕ ਦੀਆਂ ਵਾਟਾਂ ਨੂੰ, ਸਿਰ ਪਰਨੇ ਹੋ ਕੇ ਨਾਪੀ ਦਾ,**
**ਸਮਸ਼ਾਨ ਗਵਾਹੀਆਂ ਦੇਂਦੇ ਨੇ, ਇਨਸਾਨ ਟਿਕਾਣੇ ਆ ਪਹੁੰਚੇ।**

*

**ਬਣ ਗਿਆ ਮਹਿਰਮ ਗ਼ਜ਼ਲ ਦਾ ਬਾਦਸ਼ਾਹ,**
**ਹਾਏ ਇਹ ਹੰਕਾਰ ਲੈ ਕੇ ਬਹਿ ਗਿਆ।**

ਬਾਕੀ ਪੰਜਾਬੀ ਕਾਵਿ-ਰੂਪਾਂ ਦੇ ਮੁਕਾਬਲੇ, ਗਿਣਾਤਮਿਕ ਪੱਖੋਂ ਬੇਸ਼ੱਕ ਇਨ੍ਹਾਂ ਦੁਆਰਾ ਲਿਖੀਆਂ ਗਈਆਂ ਵਾਰਾਂ ਦੀ ਗਿਣਤੀ ਘੱਟ ਹੈ ਪ੍ਰੰਤੂ ਗੁਣਾਤਮਿਕ ਪੱਖੋਂ ਉਨ੍ਹਾਂ ਦਾ ਕੋਈ ਸਾਨੀ ਨਹੀਂ। ਵਿਦੇਸ਼ਾਂ ਵਿਚ ਬੈਠੇ ਪੰਜਾਬੀ, ਇਨ੍ਹਾਂ ਨੂੰ ਕੇਵਲ ਇਨ੍ਹਾਂ ਦੋ ਵਾਰਾਂ ਸ਼ਹੀਦ ਉਧਮ ਸਿੰਘ ਦੀ ਵਾਰ ਅਤੇ ਸਿੱਖਾਂ ਦੀ ਵਾਰ ਕਰਕੇ ਹੀ ਆਪਣਾ ਸਭ ਤੋਂ ਵੱਧ ਮਹਿਬੂਬ ਕਵੀ ਸਵੀਕਾਰਦੇ ਹਨ।

ਅਜਿਹਾ ਕਰਨ ਵੀ ਕਿਉਂ ਨਾ? ਇਕ ਤਾਂ ਮਹਿਰਮ ਸਾਹਿਬ ਨੇ ਸੰਸਾਰ ਦੇ ਸਰਵੋਤਮ ਸ਼ਹੀਦ ਦੀ ਲਾਮਿਸਾਲ ਸ਼ਹਾਦਤ ਨੂੰ ਬੀਰ ਰੱਸ ਵਿਚ ਪ੍ਰਸਤੁਤ ਕੀਤਾ। ਦੂਜਾ ਉਸ ਕੋਲ ਸਟੇਜ਼ ਤੇ ਪੇਸ਼ਕਾਰੀ ਦਾ ਅੰਦਾਜ਼ ਅਜਿਹਾ ਮਾਰਮਿਕ ਹੁੰਦਾ ਸੀ ਕਿ ਲੋਕ ਜੋਸ਼ ਵਿਚ ਆ ਕੇ ਅਸ਼-ਅਸ਼ ਕਰ ਉਠਦੇ ਸਨ। ਵਾਰ ਦੀਆਂ ਅੱਠ ਪਉੜੀਆਂ ਹਨ ਵੰਨਗੀ ਵਜੋਂ ਕੇਵਲ ਪਹਿਲੀ ਪਉੜੀ ਪੇਸ਼ ਹੈ -

**ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।**
**ਮੈਂ ਕਾਤਲ ਓਡਵਾਇਰ ਦਾ, ਮੈਂ ਗੋਲੀ ਮਾਰੀ।**
**ਮੈਂ ਇਕਬਾਲੀ ਜ਼ੁਰਮ ਦਾ, ਨਹੀਂ ਜਿੰਦ ਪਿਆਰੀ।**
**ਮੈਂ ਨੱਸਣਾ ਮੂਲ ਨਹੀਂ ਚਾਹੁੰਦਾ, ਕੋਈ ਮਾਰ ਉਡਾਰੀ।**
**ਮੈਂ ਪੇਸ਼ ਕਰਾਂ ਖੁਦ ਆਪ ਨੂੰ, ਨਹੀਂ ਕੋਈ ਲਾਚਾਰੀ।**
**ਮੈਂ ਉਚੀ-ਉਚੀ ਬੋਲ ਕੇ ਲਾਉਂਦਾ ਹਾਂ ਟਾਰ੍ਹਾਂ।**
**ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।**

ਇਸ ਵਾਰ ਦੀਆਂ ਅੱਠ ਪਉੜੀਆਂ ਅਤੇ ਪੰਜਾਹ ਸਤਰਾਂ ਹਨ। ਬੋਲੀ ਬੜੀ ਹੀ ਜੋਸ਼ੀਲੀ ਅਤੇ ਵਾਤਾਵਰਣ ਜੰਗਜੂ ਹੈ। ਨਾਇਕ ਦਾ ਕਿਰਦਾਰ ਬੜਾ ਹੀ ਅਣਖੀਲਾ ਲਚਕੀਲਾ ਬੇਗਰਜ਼ ਬੇਬਾਕ ਅਤੇ ਪਾਕ ਹੈ ਜੋ ਅੱਜ ਦੀ ਨੌਜੁਆਨ ਪੀੜ੍ਹੀ ਲਈ ਇਕ ਆਦਰਸ਼ ਰੋਲ ਮਾਡਲ ਹੈ, ਪਰ ਅਫ਼ਸੋਸ ਸਦ ਸਦ ਅਫਸੋਸ। ਇਨ੍ਹਾਂ ਦੀ ਦੂਜੀ ਵਾਰ ਹੈ 'ਸਿੱਖਾਂ ਦੀ ਵਾਰ' ਜਿਸ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਥਾਂ ਇਕ ਸਮੁੱਚੀ ਕੌਮ ਨੂੰ ਨਾਇਕ ਹੋਣ ਦਾ ਸਨਮਾਨ ਦਿੱਤਾ ਗਿਆ ਹੈ। 1965 ਵਿਚ ਹੋਏ ਭਾਰਤ-ਪਾਕ ਯੁੱਧ ਨੂੰ ਬੜੇ ਹੀ ਦਲੇਰਾਨਾ ਅਤੇ ਜੁਰਤਮੰਦਾਨਾ ਅੰਦਾਜ਼ 'ਚ ਬਿਆਨ ਕੀਤਾ ਗਿਆ ਹੈ।

ਇਉਂ ਲੱਗਦਾ ਹੈ ਜਿਵੇਂ ਹਰ ਪਾਠਕ ਅਤੇ ਸਰੋਤਾਂ ਖੁਦ ਚਸ਼ਮਦੀਦ ਗਵਾਹ ਬਣ ਕੇ ਭਾਰਤੀ ਫੌਜਾਂ ਨੂੰ ਉਤਸ਼ਾਹਿਤ ਕਰਕੇ ਦੁਸ਼ਮਣ ਦੇ ਆਹੂ ਲਾਹੁਣ ਲਈ ਉਚੀ-ਉਚੀ ਹੱਲਾ-ਸ਼ੇਰੀ ਦੇ ਕੇ ਹੌਂਸਲਾ ਅਫਜ਼ਾਈ ਕਰ ਰਿਹਾ ਹੋਵੇ। ਇਸ ਵਾਰ ਦੀਆਂ ਦਸ ਪਉੜੀਆਂ ਅਤੇ ਅੱਸੀ ਕਾਵਿ ਸਤਰਾਂ ਹਨ। ਪਹਿਲੀ ਪਉੜੀ ਪੇਸ਼ ਹੈ –

**ਰੱਖ ਵਿਖਾਈ ਸਿੰਘਾਂ ਹਿੰਦੁਸਤਾਨ ਦੀ।**
**ਸਿੰਘ ਸੂਰੇ ਵਰਿਆਮ ਗੁਰੂ ਗੋਬਿੰਦ ਦੇ।**
**ਪੀ ਅੰਮ੍ਰਿਤ ਦਾ ਜਾਮ ਬਣੇ ਬੇਖੌਫ ਇਹ।**
**ਜਦ ਲੱਗੇ ਕੋਈ ਲਾਸ ਮੈਦਾਨੀ ਗੱਜਦੇ।**
**ਮੰਗਣ ਇਕ ਇਨਾਮ, ਖੁਸ਼ੀ ਦਸ਼ਮੇਸ਼ ਦੀ।**

ਨਿਬੰਧ ਛਾਪੇ ਜਾਣ ਦੀਆਂ ਸਤਰਾਂ ਦਾ ਸੀਮਾ ਹੱਥ ਦੀ ਪਾਬੰਦੀ ਕਰਕੇ ਦੀਵਾਨ ਸਿੰਘ ਮਹਿਰਮ ਵਰਗੇ ਸਾਹਿਤਕਾਰਾਂ ਦੀ ਗਹਿਰਾਈ ਦੀ ਹਾਥ ਨਾ ਲੈ ਸਕਣ ਨੂੰ ਮੇਰੀ ਮਜਬੂਰੀ ਸਮਝ ਕੇ ਪਾਠਕ ਉਮੀਦ ਹੈ ਏਨਾ ਕੁ ਹੀ ਪ੍ਰਵਾਨ ਕਰ ਲੈਣਗੇ।

# ਕਿਥੇ ਗਿਆ ਸਾਡਾ ਵਿਰਸਾ ਵੇ ਲੋਕੋ ..?

**ਡਾ. ਮਨਜੀਤ ਸਿੰਘ ਸਰਾਂ**

ਹਾਏ ਓਏ ਮੇਰਿਆ ਰੱਬਾ ! ਸਾਥੋਂ ਸਾਡਾ ਵਿਰਸਾ ਖੋਹ ਲਿਆ ਸਾਡੇ ਨਵੇਂ ਜ਼ਮਾਨੇ ਦੀਆਂ ਰੀਸਾਂ ਨੇ ਅਤੇ ਸਾਥੋਂ ਵਿਛੜ ਗਿਆ ਸਾਡਾ ਪਿਛੋਕੜ। ਬੇਸ਼ਕ ਨਵੇਂ ਜ਼ਮਾਨੇ ਨੇ ਸਾਨੂੰ ਕੁਝ ਵਧੀਆ ਪਨ ਵੀ ਦਿੱਤਾ ਪਰ ਅਸੀਂ ਆਪਣਾ ਓਹ ਪਿਆਰ ਵੀ ਗੁਆ ਲਿਆ ਹੈ। ਜਿਸ ਬਦਲੇ ਅੱਜ ਭਰਾਵਾਂ ਭਰਾਵਾਂ 'ਚ ਪਿਆਰ ਨਹੀ ਨਫਰਤ ਪੈਦਾ ਹੋ ਗਈ। ਭਲਾ ਕੀ ਖੱਟਿਆ ਨਵੇਂ ਪਨ 'ਚੋਂ। ਸਾਡਾ ਸਭਿਆਚਾਰ ਸਾਥੋਂ ਹੋਲੀ ਹੋਲੀ ਅਲੋਪ ਹੁੰਦਾ ਜਾ ਰਿਹਾ ਹੈ। ਅੱਗੇ ਵਿਆਹਾਂ ਸ਼ਾਦੀਆਂ 'ਚ, ਪਿੰਡਾਂ ਦੀਆਂ ਔਰਤਾਂ ਵਲੋਂ ਮਿਲ ਕੇ ਰੋਟੀ ਬਣਾਉਣਾ, ਬੰਦਿਆਂ ਨੇ ਰਲ ਕੇ ਸਬਜੀਆਂ ਕੱਟਣੀਆਂ ਤੇ ਖਾਸ ਕਰਕੇ ਇਕੱਠਿਆਂ ਬੈਠ ਕੇ ਲੱਡੂ ਵਟਣ ਵਰਗੇ ਪਿਆਰੇ ਪਿਆਰੇ ਰਿਵਾਜ਼ ਹੁੰਦੇ ਸਨ ਪਰ ਹੁਣ ਆਪਸੀ ਸਾਂਝ ਘੱਟ ਜਾਣ ਨਾਲ ਇਹ ਪਿਆਰੇ ਪਿਆਰੇ ਤੇ ਹਾਸੇ ਠਠੇ ਵਾਲੇ ਰਿਵਾਜ਼ ਸਾਥੋਂ ਸਿਰਫ ਦੂਰ ਹੀ ਨਹੀਂ ਹੋ ਰਹੇ ਸਗੋਂ ਸਾਡੇ ਆਪਣੇ ਭਾਈਚਾਰੇ ਤੋਂ ਸਾਨੂੰ ਦੂਰ ਵੀ ਕਰ ਰਹੇ ਹਨ ਅਗੇ ਸਾਰੇ ਦੂਰ ਨੇੜੇ ਦੇ ਘਰਾਂ 'ਚ ਲੱਡੂ ਵੱਟਣ ਦਾ ਨਿਉਂਦਾ ਦਿਤਾ ਜਾਂਦਾ ਸੀ ਤੇ ਸਭ ਮਿਲਕੇ ਨਾਲੇ ਗੱਪਾਂ ਮਾਰਦੇ ਸਨ ਤੇ ਨਾਲੇ ਲੱਡੂ ਵੱਟੇ ਜਾਂਦੇ ਸਨ। ਜਿਸ ਕਰਕੇ ਲੋਕਾਂ 'ਚ ਆਪਸੀ ਪਿਆਰ ਬਰਕਰਾਰ ਸੀ





ਪਰ ਅਫਸੋਸ ਕਿ ਅਸੀਂ ਅੱਜ ਆਪਣੇ ਵਿਰਸੇ ਤੋਂ ਦਿਨੋਂ ਦਿਨ ਦੂਰ ਜਾ ਰਹੇ ਹਾਂ। ਇਹ ਗਲ ਜ਼ਰੂਰ ਹੈ ਕਿ ਅਸੀਂ ਮਨਾਂ 'ਚ ਕੜਵਾਹਟ ਲੈ ਕੇ ਆਪਣੇ ਆਪ 'ਚ ਬੁਹਤ ਵੱਡੇ ਬਣ ਗਏ ਹਾਂ। ਪਰ ਆਪਣੇ ਸਭਿਆਚਾਰ ਦੇ ਹੱਥੋਂ ਬੁਹਤ ਹੀ ਗਰੀਬ ਰਹਿ ਗਏ ਹਾਂ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਦਿਸ਼ਾਹੀਣ ਹੋ ਰਹੀ ਹੈ ਪੰਜਾਬ ਦੀ ਨੌਜਵਾਨੀ

ਗੁਰਮੀਤ ਸਿੰਘ
ਪਲਾਹੀ
98158-02070



ਸੂਬੇ ਪੰਜਾਬ ਦੇ ਸਾਧਨ ਛੋਟੇ ਹਨ ਅਤੇ ਸਮੱਸਿਆਵਾਂ ਵੱਡੀਆਂ। ਇਨ੍ਹਾਂ ਸਮੱਸਿਆਵਾਂ ਦਾ ਸ਼ਿਕਾਰ ਆਮ ਪੰਜਾਬੀ ਤਾਂ ਹੈ ਹੀ, ਪਰ ਇਨ੍ਹਾਂ ਸਮੱਸਿਆਵਾਂ ਤੋਂ ਵੱਧ ਪੀੜ੍ਹਤ, ਪੰਜਾਬ ਦੇ ਨੌਜਵਾਨ ਹਨ, ਜਿਹੜੇ ਆਰਥਿਕ ਮੰਦੀ, ਬੇਰੁਜ਼ਗਾਰੀ, ਸਰਕਾਰੀ ਬੇ-ਰੁਖੀ ਦਾ ਸ਼ਿਕਾਰ ਹੋ ਕੇ ਨਿੱਤ ਦਿਨ ਦਿਸ਼ਾਹੀਣ ਹੋ ਰਹੇ ਹਨ। ਇਸ ਦਿਸ਼ਾਹੀਣਤਾ ਨੇ ਉਨ੍ਹਾਂ ਨੂੰ ਡੂੰਘੀ ਖੱਡ ਵਿਚ ਸੁੱਟਿਆ ਹੋਇਆ ਹੈ, ਜਿਸ ਤੋਂ ਬਾਹਰ ਨਿਕਲਮ ਦਾ ਰਾਸਤਾ ਉਨ੍ਹਾਂ ਨੂੰ ਵਿਖਾਈ ਨਹੀਂ ਦੇ ਰਿਹਾ। ਅਤੇ ਇਸੇ ਬੇ-ਬਸੀ ਵਿਚ ਉਹ ਐਹੋ ਜਿਹੇ ਔਝੜੇ ਰਾਹਾਂ ਉਤੇ ਤੁਰਨ ਲਈ ਮਜ਼ਬੂਰ ਹੋਏ ਪਏ ਹਨ, ਜਿਥੇ ਸਿਰਫ਼ ਤੇ ਸਿਰਫ਼ ਉਨ੍ਹਾਂ ਅੱਗੇ ਨਿਰਾਸ਼ਤਾ ਦੀ ਬੱਦਲਵਾਈ ਹੈ। ਕੀ ਅਸੀਂ, ਕੀ ਸਾਡੀ ਸਰਕਾਰ, ਕੀ ਦੇਸ਼ ਦਾ ਚੇਤੰਨ ਸੂਝਵਾਨ ਵਰਗ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ, ਔਝੜੇ ਰਾਹਾਂ ਤੇ ਤੁਰੇ ਉਨ੍ਹਾਂ ਨੌਜਵਾਨਾਂ ਨੂੰ ਰਾਹੇ ਪਾਉਣ ਲਈ, ਚੰਗੇਰੀ ਸੇਧ ਦੇਣ ਲਈ, ਅੱਗੇ ਆਉਣ ਵਾਸਤੇ ਕੋਈ ਉਪਰਾਲੇ ਕਰ ਸਕਿਆ ਹੈ?

**ਸਮੱਸਿਆਵਾਂ** - ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਦੀ ਵੱਡੀ ਸਮੱਸਿਆ, ਉਨ੍ਹਾਂ ਨੂੰ ਦਿਸਦਾ ਹਨ੍ਹੇਰਾ ਭਵਿੱਖ ਹੈ। ਨੌਜਵਾਨਾਂ 'ਚ ਪੜ੍ਹਨ ਦੀ ਚਾਹ ਹੈ, ਨੌਜਵਾਨਾਂ 'ਚ ਅੱਗੇ ਵੱਧਣ ਦਾ ਜੋਸ਼ ਹੈ, ਨੌਜਵਾਨਾਂ 'ਚ ਚੰਗੇਰੇ ਭਵਿੱਖ ਦੀ ਚਾਹਤ ਹੈ! ਪਰ ਇਸ ਭਵਿੱਖ ਲਈ, ਨਾ ਉਨ੍ਹਾਂ ਨੂੰ ਕੋਈ ਵਿਧੀਬੱਧ ਸਿੱਖਿਆ ਮਿਲ ਰਹੀ ਹੈ, ਨਾ ਹੀ ਕੋਈ ਮਾਰਗ ਦਰਸ਼ਨ। ਇਸ ਤੋਂ ਵੱਡੀ ਵਿਡੰਬਨਾ ਹੋਰ ਕੀ ਹੋ ਸਕਦੀ ਹੈ ਕਿ ਪੰਜਾਬ ਦੇ ਸਿਰਫ਼ 4% ਪੇਂਡੂ ਨੌਜਵਾਨ ਮੁੰਡੇ ਕੁੜੀਆਂ ਉੱਚ ਸਿੱਖਿਆ ਲਈ ਪੰਜਾਬ 'ਚ ਖੋਲ੍ਹੀਆਂ ਦਰਜਨਾਂ ਕਮਾਊ ਪ੍ਰਾਈਵੇਟ ਸਰਕਾਰੀ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਕਾਲਜਾਂ, ਨਰਸਿੰਗ ਕਾਲਜਾਂ, ਇੰਜੀਨੀਅਰਿੰਗ ਅਦਾਰਿਆਂ ਜਾਂ ਪੋਸਟ ਗਰੇਜੂਏਟ ਕਲਾਸਾਂ 'ਚ ਦਾਖਲਾ ਲੈ ਪਾਉਂਦੇ ਹਨ, ਬਾਕੀ ਥੋੜ੍ਹੀ ਪੜ੍ਹਾਈ ਕਰਕੇ ਬੇਰੁਜ਼ਗਾਰਾਂ ਦੀ ਕਤਾਰ 'ਚ ਖੜ੍ਹਨ ਲਈ ਮਜ਼ਬੂਰ ਹਨ, ਕਿਉਂਕਿ ਉਨ੍ਹਾਂ ਹੱਥ, ਨਾ ਹੱਥੀਂ ਕਿਰਤ ਕਰਨ ਲਈ ਜਾਂ ਹੱਥੀ ਕਿੱਤਾ ਸਿੱਖ ਕੇ ਆਪਣੀ ਰੋਜ਼ੀ ਰੋਟੀ ਦਾ ਜੁਗਾੜ ਕਰਨ ਦਾ ਕੋਈ ਸਾਧਨ ਹੈ, ਅਤੇ ਨਾ ਹੀ ਸਰਕਾਰੀ, ਗੈਰ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਕੋਈ ਨੀਅਤ ਯੋਗਤਾ। ਇਹੋ ਜਿਹੀਆਂ ਹਾਲਤਾਂ ਵਿਚ ਉਨ੍ਹਾਂ ਦਾ ਨਿਰਾਸ਼ ਹੋਣਾ ਅਤੇ ਔਝੜੇ ਰਾਹਾਂ ਨੂੰ ਚੁਨਣਾ ਸੁਭਾਵਕ ਹੈ? ਕੀ ਪੰਜਾਬ ਦੀ ਸਰਕਾਰ ਜਾਂ ਯੂਨੀਵਰਸਿਟੀਆਂ, ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਆਪਣੇ ਸਵਾਰਥਾਂ ਤੇ ਮਾਇਕ ਹਿੱਤਾਂ ਤੋਂ ਉਪਰ ਉਠ ਕੇ ਨੌਜਵਾਨਾਂ ਨੂੰ ਕਿੱਤਾ ਮੁੱਖੀ ਕੋਰਸ ਦੇਣ 'ਚ ਪਹਿਲ ਕਰ ਸਕੀਆਂ ਹਨ? ਕੀ ਪੰਜਾਬ ਦੀਆਂ ਯੂਨੀਵਰਸਿਟੀਆਂ ਜਾਂ ਪ੍ਰੋਫੈਸ਼ਨਲ ਵਿਦਿਅਕ ਅਦਾਰਿਆਂ ਵਿਚ ਉਸ ਕਿਸਮ ਦੀਆਂ ਸੁਵਿਧਾਵਾਂ ਪ੍ਰਾਪਤ ਹਨ, ਜਿਨ੍ਹਾਂ 'ਚ ਉਨ੍ਹਾਂ ਨੂੰ ਹੱਥੀਂ, ਪ੍ਰੈਕਟੀਕਲ ਦਿੱਤਾ ਜਾਵੇ ਅਤੇ ਮਾਰਕੀਟ ਵਿਚ ਲੋੜੀਂਦੇ ਕਾਰਗੀਰਾਂ ਦੇ ਹਾਣ ਦਾ ਉਹ ਬਣ ਸਕਣ! ਪੰਜਾਬ ਦੀ ਸਨਅਤ ਨੂੰ ਸਦਾ ਹੀ ਇਹ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਲੋੜੀਂਦੇ ਸਿੱਖਿੱਤ ਕਾਰੀਗਰ ਨਹੀਂ ਮਿਲਦੇ, ਜਿਹੜੇ ਉਨ੍ਹਾਂ ਦੀਆਂ ਆਧੁਨਿਕ ਮਸ਼ੀਨਾਂ ਸੰਭਾਲ ਸਕਣ, ਉਨ੍ਹਾਂ ਤੇ ਕੰਮ ਕਰ ਸਕਣ। ਉਨ੍ਹਾਂ ਨੂੰ ਤਾਂ ਬੱਸ ਡਿਗਰੀਆਂ ਹੱਥ 'ਚ ਫੜੀ 'ਚਿੱਟੇ ਕਾਲਰਾਂ' ਵਾਲੀ ਨੌਕਰੀ ਲੱਭਣ ਵਾਲੇ ਨੌਜਵਾਨ ਮਿਲਦੇ ਹਨ, ਜਿਹੜੇ ਕੱਤਈ ਵੀ ਉਨ੍ਹਾਂ ਦੇ ਕੰਮ ਦੇ ਨਹੀਂ ਹਨ।

**ਸਰਕਾਰੀ ਪਹਿਲਕਦਮੀ ਦੀ ਕਮੀ** - ਪੰਜਾਬ ਦਾ ਸਿੱਖਿਆ ਪ੍ਰਬੰਧ ਪੰਜਾਬ ਦੀ ਸਨਅਤ, ਪੰਜਾਬ ਦੇ ਹਸਪਤਾਲਾਂ, ਪੰਜਾਬ ਦੇ ਕਾਰਪੋਰੇਟ ਸੈਕਟਰ ਲਈ ਲੋੜੀਂਦੇ ਮਨੁੱਖੀ ਕਿਰਤੀ ਸ਼ਕਤੀ ਪੈਦਾ ਕਰਨਯੋਗ ਹੀ ਨਹੀਂ ਹੈ। ਪੰਜਾਬ ਦੀ ਸਰਕਾਰ, ਪੰਜਾਬ ਦਾ ਪ੍ਰਸਾਸ਼ਨ ਪ੍ਰਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਖੋਲ੍ਹ ਕੇ, ਨੌਜਵਾਨਾਂ ਤੋਂ ਲੱਖਾਂ ਰੁਪਏ ਡਿਗਰੀਆਂ ਦੇਣ ਦੇ ਨਾਮ ਉੱਤੇ ਬਟੋਰਨ ਦਾ 'ਕੁ-ਕਰਮ' ਕਰ ਰਿਹਾ ਹੈ? ਲੋੜ ਹੈ ਇਹੋ ਜਿਹੇ ਇੰਜੀਨੀਅਰ ਪੈਦਾ ਕਰਨ ਦੀ ਜਿਹੜੇ ਹੱਥੀ ਪ੍ਰੈਕਟੀਕਲ ਹੋਣ, ਲੋੜ ਹੈ ਨਰਸਾਂ ਨੂੰ ਇਹੋ ਜਿਹੀ ਨਰਸਿੰਗ ਟਰੇਨਿੰਗ ਦੀ ਜਿਹੜੀ ਉਹਦੇ ਪੱਲੇ ਮਰੀਜ਼ ਸੰਭਾਲਣ ਦਾ ਚੱਜ ਪਾਵੇ। ਪੰਜਾਬ 'ਚ ਅੱਜ ਵੀ ਖੇਤਾਂ 'ਚ ਚਲਦੀ ਖੇਤੀ ਮਸ਼ੀਨਰੀ ਦੇ ਮਕੈਨਿਕਾਂ ਦੀ ਥੁੜ੍ਹੋਂ ਹੈ, ਪਲੰਬਰਾਂ ਦੀ ਕਮੀ ਹੈ, ਇਲੈਕਟ੍ਰੀਸ਼ਨਾਂ, ਫਰਿੱਜ਼, ਟੀ.ਵੀ. ਮਕੈਨਿਕਾਂ, ਪੱਖੇ ਕੂਲਰ ਠੀਕ ਕਰਨ ਵਾਲੇ ਕਰਮੀਆਂ, ਟਰਨਰਾਂ, ਫੈਸ਼ਨ ਡਿਜ਼ਾਈਨਰਾਂ ਦੀ ਕਮੀ ਹੈ, ਪਰ ਇਨ੍ਹਾਂ ਕੰਮਾਂ ਦੀ ਟਰੇਨਿੰਗ ਕਿਉਂ ਨਹੀਂ ਮਿਲਦੀ? ਕਿਉਂ ਨਹੀਂ ਪੰਜਾਬ ਦੀ ਸਨਅੱਤ ਜਾਂ ਨੌਕਰੀ ਦੇਣ ਵਾਲੇ ਅਦਾਰਿਆਂ ਨਾਲ ਤਾਲਮੇਲ ਕਰਕੇ ਟਰੇਨਿੰਗ ਦੇ ਪ੍ਰਬੰਧ ਹੁੰਦੇ? ਕਹਿਣ ਨੂੰ ਤਾਂ ਇਹੋ ਜਿਹੇ ਕੁਝ ਕੰਮ ਸਨਅਤ ਨਾਲ ਜੋੜਨ ਦਾ ਯਤਨ ਹੋਇਆ ਹੈ, ਪਰ ਨਤੀਜੇ ਕਿਥੇ ਹਨ? ਕੀ ਸਰਕਾਰ ਕੋਲ ਬੇਰੁਜ਼ਗਾਰਾਂ ਦੀ ਸੂਚੀ ਹੈ? ਕੀ ਸਰਕਾਰ ਕੋਲ ਵਿਧੀਬੱਧ ਟਰੇਨਿੰਗ ਦੇਣ ਦੇ ਅਦਾਰੇ ਹਨ? ਪੰਜਾਬ ਦੇ ਮੁੱਖ ਮੰਤਰੀ ਨੇ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਕਾਲਜਾਂ, ਪ੍ਰਾਈਵੇਟ ਅਦਾਰਿਆਂ ਨੂੰ 'ਸਕਿੱਲ ਡਿਵੈਲਪਮੈਂਟ ਪ੍ਰੋਗਰਾਮ' ਬਨਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ, ਪਰ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਕੀ ਲਾਗੂ ਕੀਤਾ ਗਿਆ? ਕਿੰਨੇ ਨੌਜਵਾਨ ਇਹੋ ਜਿਹੀ ਸਿੱਖਿਆ ਪ੍ਰਾਪਤ ਕਰ ਸਕੇ? ਪੰਜਾਬ ਸਰਕਾਰ ਦੀ ਇਹ ਨੀਤੀ ਕੀ ਹਾਥੀ ਦੇ ਦੰਦ ਖਾਣ ਨੂੰ ਹੋਰ ਦਿਖਾਉਣ ਨੂੰ ਹੋਰ ਵਾਲੀ ਨਹੀਂ?

**ਨਸ਼ੇ ਤੇ ਨੌਜਵਾਨ** - "ਵਿਹਲਾ ਮਨ ਸ਼ੈਤਾਨ ਦਾ ਘਰ" ਵਾਲੀ ਰੁਚੀ

ਨੌਜਵਾਨਾਂ 'ਚ ਘਰ ਕਰ ਰਹੀ ਹੈ, ਉਹ ਨਸ਼ਿਆਂ 'ਚ ਗ੍ਰਸਤ ਹੋ ਰਹੇ ਹਨ। ਇਸ ਗੱਲ ਬਾਰੇ ਚਰਚਾ ਅਖ਼ਬਾਰਾਂ 'ਚ ਸ਼ਰੇਆਮ ਹੋ ਰਹੀ ਹੈ ਕਿ ਪੰਜਾਬ ਦੇ 70% ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ ! ਭਾਵੇਂ ਇਹ ਨੌਜਵਾਨ 70% ਹੋਣ ਜਾਂ 30% ਜਾਂ ਵੱਧ ਘੱਟ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਸਵਾਲ ਉੱਠਦਾ ਹੈ ਕਿ ਨੌਜਵਾਨ ਆਖ਼ਰ ਨਸ਼ੇ ਕਰਨ ਲਈ ਮਜ਼ਬੂਰ ਕਿਉਂ ਹਨ? ਕਿਉਂ ਉਹ ਇਤਨੇ ਨਿਰਾਸ਼, ਓਪਰਾਮ ਹੋ ਰਹੇ ਹਨ ਕਿ ਜਾਂ ਉਹ ਉਦਾਸੀਨਤਾ ਨਾਲ ਗ੍ਰੱਸੇ ਜਾ ਰਹੇ ਹਨ ਜਾਂ ਥੋੜ ਚਿਰੀ ਖੁਸ਼ੀ ਤੇ ਹੌਂਸਲਾ ਪ੍ਰਾਪਤ ਕਰਨ ਲਈ ਨਸ਼ਿਆਂ ਦੇ ਰਾਹ ਤੁਰ ਪੈਂਦੇ ਹਨ। ਇਹ ਰੁਚੀ ਮੁੰਡਿਆਂ 'ਚ ਹੀ ਨਹੀਂ, ਕੁੜੀਆਂ 'ਚ ਵੇਖਣ ਲਈ ਵੀ ਮਿਲ ਰਹੀ ਹੈ। ਜੇਕਰ ਹੱਥ 'ਚ ਡਿਗਰੀ ਹੋਏਗੀ, ਪਰ ਰੁਜ਼ਗਾਰ ਨਹੀਂ ਹੋਏਗਾ, ਜੇਕਰ ਹੱਥ ਕੰਮ ਕਰਨ ਲਈ ਕਾਹਲੇ ਹਨ, ਪਰ ਹੱਥੀਂ ਕੰਮ ਕਰਨ ਦਾ ਕਸਬ ਨਹੀਂ ਹੋਏਗਾ, ਤਾਂ ਨਿਰਾਸ਼ਤਾ ਨੇ ਮਨੁੱਖੀ ਮਨ ਨੂੰ ਘੇਰਾ ਤਾਂ ਪਾਉਣਾ ਹੀ ਹੈ। ਮੋਟਰ ਸਾਈਕਲ, ਮੋਬਾਈਲ, ਐਸ਼ੋਆਰਾਮ ਦੀ ਜ਼ਿੰਦਗੀ ਦਾ ਸੁਪਨਾ ਪੂਰਾ ਕਰਨ ਲਈ ਨੌਜਵਾਨ ਧੋਖਾਧੜੀ, ਲੁੱਟ ਖੋਹ, ਗੈਰ ਸਮਾਜੀ ਕੰਮਾਂ ਦੇ ਰਸਤੇ ਤਾਂ ਪਵੇਗਾ ਹੀ ਪਵੇਗਾ ਜਾਂ ਫਿਰ ਦੇਸ਼ ਛੱਡ ਕੇ ਵਿਦੇਸ਼ ਭੱਜੇਗਾ ਜਿਥੇ ਦੀ ਚਮਕ ਦਮਕ ਵਾਲੀ ਜ਼ਿੰਦਗੀ ਉਸਨੂੰ ਆਕਰਸ਼ਤ ਕਰਦੀ ਹੈ। ਇਸੇ ਕਰਕੇ ਨੌਜਵਾਨ ਏਜੰਟਾਂ, ਫਰਾਡ ਲੋਕਾਂ ਦੇ ਢਹੇ ਚੜ੍ਹ ਕੇ ਕਈ ਵੇਰ ਮਾਪਿਆਂ ਦੀ ਮਿਹਨਤ ਦੀ ਕਮਾਈ ਗੁਆ ਬੈਠਦਾ ਹੈ ਅਤੇ ਕਈ ਵੇਰ ਅਨਜਾਣੇ ਮੁਲਕਾਂ 'ਚ ਜਾ ਕੇ ਰੋਟੀ ਟੁੱਕ ਤੋਂ ਆਤੁਰ ਹੋ, ਜੇਲ੍ਹਾਂ ਕੱਟਣ ਤੇ ਵੀ ਮਜ਼ਬੂਰ ਹੋ ਬਹਿੰਦਾ ਹੈ? ਇਹ ਸਭ ਕੁਝ ਲਈ ਜ਼ੁੰਮੇਵਾਰ ਕਈ ਹਾਲਤਾਂ ਵਿਚ ਮਾਪੇ ਵੀ ਬਣਦੇ ਹਨ, ਜੋ ਆਪਣੇ ਬੱਚਿਆਂ ਨੂੰ ਵੱਡੇ ਵੱਡੇ ਸੁਪਨੇ ਤਾਂ ਵਿਖਾਉਂਦੇ ਹਨ, ਇੰਜੀਨੀਅਰ, ਡਾਕਟਰ ਬਨਾਉਣ ਲਈ ਲੱਖਾਂ ਰੁਪਏ ਖਰਚਦੇ ਹਨ, ਪਰ ਬਹੁਤੀ ਵੇਰ ਬੱਚੇ ਦੀ ਰੁਚੀ ਤੋਂ ਉਲਟ ਕੀਤੇ ਇਹ ਯਤਨ ਨੌਜਵਾਨਾਂ ਨੂੰ ਹਨ੍ਹੇਰੀ ਦਲਦਲ 'ਚ ਧੱਕਦੇ ਹਨ।

**ਕੁਝ ਤੱਥ, ਕੁਝ ਕਾਰਨ** - ਪੰਜਾਬ ਸੂਬੇ ਵਿਚ, ਦੇਸ਼ ਦੇ ਹੋਰ ਸੂਬਿਆਂ ਵਾਂਗ 15 ਤੋਂ 35 ਸਾਲ ਦੇ ਨੌਜਵਾਨਾਂ ਦੀ ਗਿਣਤੀ ਕੁਲ ਆਬਾਦੀ ਦਾ ਲਗਭਗ 50% ਹੈ। ਪੰਜਾਬ ਦੇ ਅੱਧਿਓਂ ਵੱਧ ਪੜ੍ਹੇ ਲਿਖੇ ਅਨਪੜ੍ਹ, ਘੱਟ ਪੜ੍ਹੇ ਲਿਖੇ ਲੱਖਾਂ ਦੀ ਗਿਣਤੀ 'ਚ ਨੌਜਵਾਨ ਬੇਰੁਜ਼ਗਾਰ ਹਨ। ਉਨ੍ਹਾਂ ਕੋਲ ਕੰਮ ਦੀ ਕਮੀ ਹੈ।

ਪੰਜਾਬ 'ਚ ਨਸ਼ਿਆਂ ਦੀ ਬਹੁਤਾਤ ਕਾਰਨ, ਭਾਰਤ ਦੇ ਦੂਜੇ ਸੂਬਿਆਂ ਦੇ ਨੌਜਵਾਨਾਂ ਨਾਲੋਂ ਫੌਜ 'ਚ ਭਰਤੀ ਹੋਣ ਦੀ ਦਰ 'ਚ ਲਗਾਤਾਰ ਕਮੀ ਆ ਰਹੀ ਹੈ। ਪੰਜਾਬ ਦੇ ਨੌਜਵਾਨ, ਪੰਜਾਬ ਛੱਡ ਕੇ ਵਿਦੇਸ਼ ਭੱਜਣ 'ਚ ਹਰ ਪਲ ਤਤਪਰ ਹਨ। ਪੰਜਾਬ ਦੀਆਂ ਸਰਕਾਰੀ ਏਜੰਸੀਆਂ ਵੱਲੋਂ ਨੌਜਵਾਨਾਂ ਨੂੰ ਸਵੈਰੁਜ਼ਗਾਰਤ ਕਰਨ, ਮਾਇਕ ਸਹਾਇਤਾ, ਸਬਸਿਡੀ, ਟਰੇਨਿੰਗ ਦੇਣ ਦੇ ਵਿਧੀਬੱਧ ਉਪਰਾਲਿਆਂ ਦੀ ਕਮੀ ਹੈ। ਨੌਜਵਾਨਾਂ ਨੂੰ ਹੱਥੀਂ ਟਰੇਨਿੰਗ ਦੇਣ ਵਾਲੀਆਂ ਸੰਸਥਾਵਾਂ ਆਈ.ਟੀ.ਆਈ., ਡਿਪਲੋਮਾ ਕਾਲਜਾਂ, ਪ੍ਰੋਫੈਸ਼ਨਲ ਡਿਗਰੀ ਕਾਲਜਾਂ 'ਚ ਘਿਸੀ ਪਿੱਟੀ ਪ੍ਰੋਫੈਸ਼ਨਲ ਟਰੇਨਿੰਗ ਉਨ੍ਹਾਂ ਪੱਲੇ ਸਿਰਫ਼ ਡਿਗਰੀਆਂ ਹੀ ਪਾਉਂਦੀ ਹੈ, ਨੌਕਰੀ ਨਹੀਂ। ਉਂਜ ਵੀ ਪੰਜਾਬ ਦੀ ਮੌਜੂਦਾ ਸਰਕਾਰਾਂ ਦਾ ਲੁੱਟ-ਖਸੁੱਟ, ਧੱਕੇ ਧੌਂਸ, ਦਲਾਲਾਂ ਨੂੰ ਲੋਕਾਂ ਦੀ ਲੁੱਟ ਖਸੁੱਟ ਦੇਣ ਵਾਲਾ ਅਤੇ ਲੋਕਾਂ ਖਾਸ ਕਰਕੇ ਨੌਜਵਾਨਾਂ ਤੋਂ ਦੂਰੀ ਵਾਲਾ ਅਕਸ, ਪੰਜਾਬੀ ਨੌਜਵਾਨਾਂ ਦੀ ਸਰਕਾਰ ਤੋਂ ਦੂਰੀ ਬਨਾਉਣ ਦਾ ਕਾਰਨ ਬਣਦਾ ਜਾ ਰਿਹਾ ਹੈ।

ਪੰਜਾਬ ਦੀਆਂ ਸਮਾਜਿਕ ਸਥਿਤੀਆਂ ਅਜੋਕੇ ਨੌਜਵਾਨਾਂ ਦੀ ਦਿਸ਼ਾਹੀਣਤਾ ਦਾ ਕਾਰਨ ਵੀ ਨਹ, ਤਦੇ ਹੀ ਦਾਜ ਦਹੇਜ, ਲੱਠਮਾਰ ਸਿਆਸਤਦਾਨਾਂ ਦੀ ਸ਼ਰਨ 'ਚ ਜਾ ਕੇ ਸਮਾਜ ਵਿਰੋਧੀ ਕਾਰਜਾਂ 'ਚ ਲਿਪਤ ਹੋਣਾ ਅਤੇ ਹੋਰ ਲਾਹਨਤਾਂ ਦਾ ਅਤੇ ਪੁੱਠੇ ਕੰਮਾਂ 'ਚ ਸ਼ਮੂਲੀਅਤ ਉਨ੍ਹਾਂ ਨੂੰ ਔਝੜੇ ਰਾਹੀਂ ਤੋਰ ਰਹੀ ਹੈ। ਇਹੋ ਜਿਹੀਆਂ ਹਾਲਤਾਂ ਵਿਚ ਜੇਕਰ ਪੰਜਾਬ ਦਾ ਨੌਜਵਾਨ ਦਿਸ਼ਾਹੀਣ ਬਣਦਾ ਜਾ ਰਿਹਾ ਹੈ ਤਾਂ ਕੀ ਉਸ ਦੀ ਜ਼ੁੰਮੇਵਾਰੀ ਸਿਰਫ਼ ਨੌਜਵਾਨਾਂ ਦੀ ਹੈ? ਇਹ ਇਕ ਵੱਡਾ ਸਵਾਲ ਹੈ, ਜਿਸਦਾ ਜਵਾਬ ਸਿਆਸਤਦਾਨਾਂ ਕੋਲੋਂ ਨਹੀਂ, ਸੂਝਵਾਨ ਲੋਕਾਂ ਕੋਲੋਂ ਹੀ ਲੱਭ ਸਕਦਾ ਹੈ!


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਇਕ ਖ਼ੁਸ਼ ਸ਼ਹਿਜ਼ਾਦਾ

By Oscar Wilde
ਅਨੁਵਾਦ ਕੀਤਾ ਅਮਰੀਕ ਸਿੰਘ
ਹੁਣ ਸ਼ਿਕਾਗੋ, ਯੂ.ਐਸ.ਏ.

ਸ਼ਹਿਰ ਦੀ ਉਚੀ ਜਗ੍ਹਾ ਤੋਂ ਇਕ ਲੰਬੀ ਲਾਠ ਉਪਰ ਇਕ ਸ਼ਹਿਜ਼ਾਦੇ ਦਾ ਬੁੱਤ ਪੱਕੀ ਤਰ੍ਹਾਂ ਰੱਖਿਆ ਹੋਇਆ ਸੀ। ਬੁੱਤ ਪਤਲੇ ਸ਼ੁੱਧ ਸੋਨੇ ਦੀਆਂ ਪਤੀਆਂ ਨਾਲ ਮੜਿਆ ਹੋਇਆ, ਅੱਖਾਂ ਨੀਲੇ ਚਮਕਦੇ ਨੀਲਮ ਦੀਆਂ ਸਨ ਅਤੇ ਉਸ ਦੀ ਬਾਂਹ ਨਾਲ ਫੜੀ ਤਲਵਾਰ ਉਪਰ ਲਿਸ਼ਕਾ ਮਾਰਦਾ ਕੀਮਤੀ ਰੂਬੀ ਜੜਿਆ ਹੋਇਆ ਸੀ।

ਸ਼ਹਿਰ ਦਾ ਇਕ ਕੌਂਸਲਰ ਆਪਣੀ ਕਲਾ-ਪਰਖਣ ਦੀ ਸ਼ੋਹਰਤ ਹਾਸਲ ਕਰਨ ਲਈ ਫਰਮਾਉਂਦਾ, "ਸ਼ਹਿਜਾਦੇ ਦਾ ਬੁੱਤ ਦੁਨੀਆ ਦੇ ਸਭ ਬੁੱਤਾਂ ਤੋਂ ਨਿਆਰਾ ਹੈ।" ਕੌਂਸਲਰ ਹੈ ਤਾਂ ਬੁੱਧੂ ਸੀ ਪਰ ਲੋਕਾਂ ਤੋਂ ਡਰਦਾ ਕਲਾ ਪਰਖਨ ਦੀ ਗੱਲ ਕਹਿੰਦਾ ਤਾਂਕਿ ਲੋਕ ਉਸਨੂੰ ਐਸਾ ਨਾ ਸਮਝਣ। ਇਹ ਵੀ ਕਹਿ ਜਾਂਦਾ ਕਿ ਬੁੱਤ ਦਾ ਕੀ ਫਾਇਦਾ ਹੈ।

ਥੱਲੇ ਗਲੀ ਵਿਚ ਰੋਂਦੇ ਬੱਚੇ ਨੂੰ ਜੋ ਚੰਦਾ-ਮਾਮਾ ਮੰਗ ਰਿਹਾ ਸੀ। ਚੁੱਪ ਕਰਾਉਂਦੀ ਉਸ ਦੀ ਚੰਗੀ ਮਾਂ ਕਹਿ ਰਹੀ ਸੀ, "ਖੁਸ਼ ਸ਼ਹਿਜਾਦਾ ਤਾਂ ਕਦੀ ਕੋਈ ਚੀਜ਼ ਮੰਗਣ ਲਈ ਨਹੀਂ ਰੋਇਆ ਸੀ, ਤੂੰ ਵੀ ਚੁਪ ਹੋ ਜਾ ਮੇਰੇ ਲਾਡਲੇ ਖੁਸ਼ ਸ਼ਹਿਜਾਦੇ ਵਾਂਗੋਂ।" ਇਕ ਨਿਰਾਸ਼ਵਾਦੀ ਆਦਮੀ ਅਦਭੱਤ ਬੁੱਤ ਵੱਲ ਨੂੰ ਝਾਕਦਾ ਹੋਇਆ ਬੁੜ-ਬੜਾ ਕੇ ਬੋਲਿਆ, "ਇਹ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ ਕੇ ਇਸ ਦੁਨੀਆ ਵਿਚ ਕੋਈ ਤਾਂ ਖੁਸ਼ ਹੈ!"


"ਬੁੱਤ, ਫਰਿਸ਼ਤੇ ਜੈਸਾ ਲੱਗਦਾ ਹੈ", ਲਾਲ ਗੂੜ੍ਹੇ ਰੰਗ ਦਾ ਕੋਟ ਪਹਿਨੇ ਅਤੇ ਸਾਫ਼ ਚਿੱਟੀਆਂ ਪੈਂਟਾਂ ਪਾਈ ਹੋਏ ਚਰਚ ਦੇ ਚੈਰਿਟੀ ਸਕੂਲ ਵਿਚੋਂ ਬਾਹਰ ਆਉਂਦੇ ਹੋਏ ਬੱਚਿਆਂ ਨੇ ਕਿਹਾ।

"ਤੁਹਾਨੂੰ ਕੀ ਪਤਾ ਜਦੋਂ ਕਿ ਤੁਸੀਂ ਕੋਈ ਫਰਿਸ਼ਤਾ ਵੇਖਿਆ ਹੀ ਨਹੀਂ" ਹਿਸਾਬ ਦੇ ਮਾਸਟਰ ਨੇ ਕਿਹਾ।

"ਓ! ਅਸੀਂ ਆਪਨਿਆਂ ਸੁਪਨਿਆਂ ਵਿਚ ਵੇਖਿਆ ਹੈ" ਬੱਚਿਆਂ ਨੇ ਜੁਆਬ ਦਿੱਤਾ, ਪਰ ਹਿਸਾਬ ਦਾ ਮਾਸਟਰ ਬੱਚਿਆਂ ਨੂੰ ਘੂਰਦਾ ਹੋਇਆ ਲਾਲ ਪੀਲਾ ਹੋਇਆ ਅਤੇ ਉਸ ਨੇ ਬੱਚਿਆਂ ਦੇ ਸੁਪਨਿਆਂ ਨੂੰ ਨਿਕਾਰਿਆ।

ਇਕ ਰਾਤ ਵੇਲੇ ਸ਼ਹਿਰ ਉਪਰ ਇਕ ਛੋਟਾ ਸਵੈਲੋ ਪੰਛੀ ਉਡਦਾ ਹੋਇਆ ਆਇਆ। ਉਹਦੇ ਸਾਥੀ ਛੇ ਮਹੀਨੇ ਪਹਿਲਾਂ ਮਿਸਰ ਦੇਸ਼ ਜਾ ਚੁੱਕੇ ਸਨ ਪਰ ਪਿੱਛੇ ਰੁੱਕ ਗਿਆ ਸੀ ਇਕ ਬਹੁਤ ਸੁੰਦਰ ਲਾਲ ਰੰਗ ਦੀ ਰੀਢ ਦੇ ਪਿਆਰ ਵਿਚ। ਬਹਾਰ ਰੁੱਤ ਦੇ ਸ਼ੁਰੂ ਵਿਚ ਦਰਿਆ ਉਪਰੋਂ ਉਡਦੇ ਹੋਏ ਸਵੈਲੋ ਨੇ ਰੀਡ ਦੀ ਪਤਲੀ ਕਮਰ ਦੇਖੀ ਤੇ ਐਸਾ ਮੋਹਿਤ ਹੋਇਆ ਕਿ ਰੁਕ ਗਿਆ ਉਥੇ ਹੀ। ਰੀਡ ਨਾਲ ਉਸ ਨੇ ਖੂਬ ਗੱਲਾਂ ਕੀਤੀਆਂ। ਸਵੈਲੋ ਅਸਲੀ ਪੁਆਂਟ ਤੇ ਗੱਲ ਕਰਨ ਦਾ ਆਦੀ ਸੀ ਅਤੇ ਉਸ ਨੇ ਕਿਹਾ "ਕੀ ਮੈਂ ਤੈਨੂੰ ਪਿਆਰ ਕਰ ਸਕਦਾ ਹਾਂ।" ਰੀਡ ਨੇ ਹਲਕਾ ਕੁ ਸਿਰ ਹਿਲਾਇਆ। ਸੋ ਉਸ ਨੇ ਰੀਡ ਦੇ ਆਲੇ-ਦੁਆਲੇ ਘੁੰਮ ਕੇ ਲੋਰ ਵਿਚ ਬਹੁਤ ਖੰਭ ਖਿਲਾਰੇ। ਪਾਣੀ ਨੂੰ ਕਈ ਵਾਰ ਖੰਭਾਂ ਨਾਲ ਖਿਲਾਰਿਆ ਅਤੇ ਰੀਡ ਨੂੰ ਛੋਹਿਆ। ਇਹ ਉਹਨਾਂ ਦੀ ਰੋਮਾਂਸ ਕਰਨ ਦਾ ਢੰਗ ਸੀ ਜੋ ਕਿ ਸਾਰੀ ਗਰਮੀਆਂ ਚੱਲਦਾ ਰਿਹਾ। ਦੂਸਰੇ ਸਵੈਲੋ ਪੰਛੀਆਂ ਨੇ ਉਸ ਸਵੈਲੋ ਤੋਂ ਵਿਅੰਗ ਕਸੇ ਕੇ, "ਇਹ ਉਹਦਾ ਮੂਰਖਤਾ ਭਰਿਆ ਮੋਹ ਹੈ। ਰੀਡ ਕੋਲ ਨਾ ਪੈਸਾ ਹੈ ਅਤੇ ਕਈਆ ਨਾਲ ਉਸ ਦੇ ਸਬੰਧ ਹਨ।" ਸਚਮੁੱਚ ਦਰਿਆ ਵਿਚ ਅਨੇਕਾਂ ਹੀ ਰੀਡ ਸਨ। ਜਦੋਂ ਪਤਝੜ ਆਈ ਉਸ ਸਵੈਲੋ ਤੋਂ ਬਿਨਾਂ ਬਾਕੀ ਦੇ ਸਾਰੇ ਸਵੈਲੋ ਉਥੋਂ ਉਡ ਗਏ।

ਉਹਨਾਂ ਦੇ ਜਾਣ ਦੇ ਪਿਛੋਂ ਛੋਟੇ ਸਵੈਲੋ ਨੇ ਇਕੱਲਾਪਨ ਮਹਿਸੂਸ ਕੀਤਾ ਅਤੇ ਆਪਨੀ ਪਤਨੀ ਤੋਂ ਅੱਕ ਗਿਆ। ਸਵੈਲੋ ਨੇ ਕਿਹਾ, "ਤੂੰ ਮੇਰੇ ਨਾਲ ਕੋਈ ਗੁੱਫਤਗੂ ਨਹੀਂ ਕਰਦੀ, ਮੈਨੂੰ ਡਰ ਹੈ ਕਿ ਤੂੰ ਨਖਰਾ ਦਿਖਾ ਰਹੀ ਹੈ ਅਤੇ ਹਮੇਸ਼ਾ ਤੇਜ਼ ਹਵਾ ਨਾਲ ਹੀ ਤੂੰ ਇਸ਼ਕ ਕਰਨ ਲੱਗ ਪਈ ਹੈ।" ਗੱਲ ਠੀਕ ਸੀ ਜਦੋਂ ਵੀ ਤੇਜ਼ ਹਵਾ ਚੱਲਦੀ ਰੀਡ ਸ਼ਾਨਦਾਰ ਘੁੰਮਨ ਘੇਰੀਆਂ ਹਨ੍ਹੇਰੀ ਨਾਲ ਪਾਂਦੀ। ਮੈਨੂੰ ਯਕੀਨ ਹੈ ਕਿ ਰੀਡ ਇਥੋਂ ਦੀ ਹੀ ਘਰੇਲੂ ਪਤਨੀ ਹੀ ਹੈ। ਮੈਨੂੰ ਤੇ ਸਫ਼ਰ ਕਰਨਾ ਚੰਗਾ ਲੱਗਦਾ ਹੈ ਅਤੇ ਮੇਰੀ ਪਤਨੀ ਨੂੰ ਵੀ ਮੇਰੇ ਨਾਲ ਸਫ਼ਰ ਕਰਨਾ ਚਾਹੀਦਾ ਹੈ।



ਅਮਰੀਕ ਸਿੰਘ
ਸ਼ਿਕਾਗੋ (ਯੂ.ਐਸ.ਏ)

"ਕੀ ਤੂੰ ਮੇਰੇ ਨਾਲ ਚੱਲੇਂਗੀ" ਸਵੈਲੋ ਨੇ ਆਖਰਕਾਰ ਉਸ ਨੂੰ ਪੁੱਛਿਆ। ਰੀਡ ਨੇ ਅਪਨਾ ਸਿਰ ਨਾਂਹ ਵਿਚ ਹਿਲਾਇਆ ਕਿਉਂਕਿਓ_ਹਅ ਾਪਨੇਘ ਰਨ ਾਲਬ ਹੁਤਜ_ਡ਼ੀਹ਼ੋਈਸ ੀ।ਸ ਵੈਲੋ ਚੀਕਿਆ, "ਤੂੰ ਮੇਰੇ ਨਾਲ ਮਜ਼ਾਕ ਕੀਤਾ ਹੈ ਕੋਈ ਪਰਵਾਹ ਨਹੀਂ ਤੈਨੂੰ ਮੇਰੀ। ਅੱਛਾ ਗੁਡ ਬਾਏ, ਮੈਂ ਮਿਸਰ ਦੇ ......... ਨੂੰ ਜਾਂਦਾ ਹਾਂ" ਕਹਿੰਦਾ ਹੋਇਆ ਉਡ ਗਿਆ।

ਸਾਰਾ ਦਿਨ ਉਹ ਉਡਦਾ ਰਿਹਾ ਅਤੇ ਰਾਤ ਵੇਲੇ ਇਕ ਸ਼ਹਿਰ ਵਿਚ ਪਹੁੰਚ ਗਿਆ। ਸਵੈਲੋ ਮੂੰਹ ਵਿਚ ਬੋਲਿਆ "ਮੈਂ ਕਿਥੇ ਠਹਿਰਾਂਗਾ? ਉਮੀਦ ਹੈ ਸ਼ਹਿਰ ਵਿਚ ਠਹਿਰਨ ਲਈ ਮੈਨੂੰ ਜਗ੍ਹਾ ਮਿਲ ਜਾਵੇਗੀ।"

ਫਿਰ ਉਸ ਨੇ ਇਕ ਉਚੀ ਲਾਠ ਉਪਰ ਬੁੱਤ ਰਖਿਆ ਦੇਖਿਆ। ਇਹ ਇਕ ਖੁਸ਼ ਸ਼ਹਿਜਾਦੇ ਦਾ ਬੁੱਤ ਸੀ।

"ਇਹ ਬੜੀ ਚੰਗੀ ਥਾਂ ਹੈ ਅਤੇ ਖੁਲ੍ਹੀ ਤਾਜ਼ੀ ਹਵਾ ਹੈ" ਚਹਿਕਦਾ ਹੋਇਆ ਉਹ ਖੁਸ਼ ਸ਼ਹਿਜਾਦਾ ਦੇ ਬੁੱਤ ਦੇ ਪੈਰਾਂ ਵਿਚਲੀ ਜਗ੍ਹਾ ਤੇ ਬੈਠ ਗਿਆ।

"ਮੈਨੂੰ ਕਿਆ ਸੁਨਿਹਰੀ ਸੌਣ ਵਾਲਾ ਕਮਰਾ ਮਿਲ ਗਿਆ ਹੈ" ਉਸ ਨੇ ਮੰਨ ਵਿਚ ਕਿਹਾ। ਆਲੇ-ਦੁਆਲੇ ਦੇਖ ਕੇ ਉਹ ਸਿਰ ਨੂੰ ਅਪਨੇ ਖੰਭਾਂ

ਵਿਚ ਵਾੜ ਕੇ ਸੌਣ ਹੀ ਲੱਗਾ ਸੀ ਕਿ ਅਚਾਨਕ ਇਕ ਪਾਣੀ ਦੀ ਮੋਟੀ ਬੂੰਦ ਉਸ ਤੇ ਡਿੱਗੀ।

"ਕਿਹੋ ਜਿਹੀ ਅਜੀਬ ਗੱਲ ਹੈ। ਬੱਦਲਾਂ ਦਾ ਅਕਾਸ਼ ਵਿਚ ਨਿਸ਼ਾਨ ਨਹੀਂ, ਰਾਤ ਸਾਫ਼ ਹੈ, ਤਾਰੇ ਚਮਕ ਰਹੇ ਹਨ ਅਤੇ ਫਿਰ ਵੀ ਬਾਰਸ਼। ਯੌਰਪ ਦਾ ਮੌਸਮ ਸੱਚੀ ਹੀ ਗੰਦਾ ਅਤੇ ਡਰਾਉਣਾ ਹੈ। ਰੀਡ, ਇਕ ਛੋਟਾ ਪੰਛੀ, ਬਾਰਸ਼ ਨੂੰ ਪਸੰਦ ਕਰਦੀ ਸੀ, ਪਰ ਮੇਰੇ ਨਾਲ ਇਸ਼ਕ ਉਸ ਦਾ ਝੂਠਾ ਸੀ" ਉਹ ਚੀਕਿਆ।

ਫਿਰ ਇਕ ਹੋਰ ਬੂੰਦ ਡਿੱਗੀ।

ਇਸ ਬੁੱਤ ਦਾ ਕੀ ਫਾਇਦਾ ਜੇ ਇਹ ਬਾਰਸ਼ ਤੋਂ ਨਹੀਂ ਬਚਾ ਸਕਦਾ। ਮੈਂ ਕੋਈ ਚਿਮਨੀ ਦੀ ਸਿਖਰ ਲੱਭਦਾ ਹਾਂ ਅਤੇ ਉਹਨੇ ਉਡਣ ਦਾ ਪੱਕਾ ਇਰਾਦਾ ਬਣਾ ਲਿਆ।

ਖੰਭ ਖੋਲਣ ਤੋਂ ਪਹਿਲਾਂ ਹੀ ਤੀਸਰੀ ਬੂੰਦ ਡਿੱਗੀ ਅਤੇ ਉਸ ਨੇ ਉਪਰ ਵੱਲ ਦੇਖਿਆ; ਓ ਇਹ ਕੀ! ਸ਼ਹਿਜਾਦੇ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਹਨ ਅਤੇ ਅੱਥਰੂ ਉਹਦੀਆਂ ਗੁਲਾਬੀ ਗੱਲਾਂ ਤੋਂ ਤਿਲਕਦੇ ਥੱਲੇ ਨੂੰ ਵੱਗ ਰਹੇ ਹਨ। ਛੋਟੇ ਸਵੈਲੋ ਨੂੰ ਸ਼ਹਿਜਾਦੇ ਦਾ ਚਿਹਰਾ ਚਾਂਦਨੀ ਰਾਤ ਵਿਚ ਬੜਾ ਹੀ ਸੋਹਣਾ ਲੱਗਾ ਅਤੇ ਛੋਟਾ ਸਵੈਲੋ ਤਰਸ ਨਾਲ ਭਰ ਗਿਆ।

"ਤੂੰ ਕੌਣ ਹੈ?" ਸਵੈਲੋ ਬੋਲਿਆ।

ਮੈਂ ਖੁਸ਼ ਸ਼ਹਿਜਾਦਾ ਹਾਂ।

**ਸਵੈਲੋ - ਫਿਰ ਤੂੰ ਰੋ ਕਿਉਂ ਰਿਹਾ ਹੈਂ ਤੂੰ ਮੈਨੂੰ ਭਿਉ ਦਿੱਤਾ ਹੈ।**

**ਸ਼ਹਿਜਾਦਾ** - ਜਦੋਂ ਮੈਂ ਜਿਉਂਦਾ ਸੀ ਅਤੇ ਮਨੁੱਖੀ ਦਿਲ ਸੀ ਮੇਰਾ, ਮੈਨੂੰ ਪਤਾ ਹੀ ਨਹੀਂ ਸੀ ਕਿ ਅੱਥਰੂ ਕੀ ਹੁੰਦੇ ਹਨ ਕਿਉਂਕਿ ਮੈਂ ਮਹੱਲ ਵਿਚ ਰਹਿੰਦਾ ਸੀ ਜਿਥੇ ਉਦਾਸੀ ਦਾ ਦਾਖਲ ਹੋਣਾ ਮਨ੍ਹਾਂ ਸੀ। ਦਿਨੇ ਮੈਂ ਦੋਸਤਾਂ ਨਾਲ ਖੇਡਦਾ, ਸ਼ਾਮ ਨੂੰ ਵੱਡੇ ਹਾਲ ਵਿਚ ਡਾਨਸ ਕਰਨ ਵਾਲਿਆਂ ਦਾ ਮੋਹਰੀ ਹੁੰਦਾ। ਮਹੱਲ ਦੇ ਦੁਆਲੇ ਉਚੀ ਦੀਵਾਰ ਸੀ। ਮੈਂ ਕਦੀ ਕਿਸੇ ਨੂੰ ਪੁੱਛਣਾ ਮਹਿਸੂਸ ਹੀ ਨਹੀਂ ਕੀਤਾ ਸੀ ਕਿ ਬਾਹਰ ਕੀ ਹੈ ਕਿਉਂਕਿ ਮੇਰੇ ਆਲੇ-ਦੁਆਲੇ ਸਭ ਕੁਝ ਬਹੁਤ ਸੁੰਦਰ ਹੀ ਸੁੰਦਰ ਸੀ। ਮੇਰੀ ਦੇਖਭਾਲ ਕਰਨ ਵਾਲੇ ਮੈਨੂੰ ਖੁਸ਼ ਸ਼ਹਿਜਾਦਾ ਕਹਿ ਕੇ ਪੁਕਾਰਦੇ ਅਤੇ ਮੈਂ ਸੱਚ ਵਿਚ ਹੀ ਬੜਾ ਖੁਸ਼ ਸੀ ਜੇਕਰ ਲਜ਼ਤ ਹੀ ਖੁਸ਼ੀ ਹੈ। ਮੈਂ ਇਸੇ ਤਰ੍ਹਾਂ ਹੀ ਜੀਵਿਆ ਅਤੇ ਇਸੇ ਤਰ੍ਹਾਂ ਹੀ ਮਰ ਗਿਆ। ਹੁਣ ਜਦੋਂ ਮੈਂ ਮਰ ਗਿਆ ਹਾਂ ਤਾਂ ਮੈਨੂੰ ਇੰਨੀ ਉਚੀ ਜਗ੍ਹਾ ਤੇ ਰੱਖ ਦਿੱਤਾ ਹੈ ਕਿ ਮੈਂ ਆਪਨੇ ਸ਼ਹਿਰ ਦੀ ਦਰਦਨਾਕ ਪੀੜਾ ਵਾਲੀ ਅਤੇ ਇਸਦੀ ਖੁਸ਼ੀਆਂ ਵਾਲੀ ਜ਼ਿੰਦਗੀ ਦੋਵੇਂ ਦੇਖ ਸਕਦਾ ਹਾਂ। ਭਾਵੇਂ ਮੇਰਾ ਦਿਲ ਸਿੱਕੇ ਦਾ ਹੈ ਪਰ ਫਿਰ ਵੀ ਮੈਂ ਇਹ ਪੀੜਾ ਭਰੀ ਜ਼ਿੰਦਗੀ ਦੇਖ ਕੇ ਰੋ ਹੀ ਪੈਨਾਂ ਹਾਂ ਮੈਨੂੰ ਇਹ ਰੁਆ ਦਿੰਦੀ ਹੈ।

ਸਵੈਲੋ ਨੇ ਅਪਨੇ ਮਨ ਵਿਚ ਕਿਹਾ, "ਓ! ਸੋਨੇ ਦਾ ਨਹੀਂ" ਹੋਰ ਉਹ ਕੁਝ ਨਾ ਬੋਲ ਸਕਿਆ।

**ਬੁੱਤ** - ਹਲਕੀ ਬੜੀ ਹਲਕੀ ਮਧੁਰ ਸੰਗੀਤ ਭਰੀ ਆਵਾਜ਼ ਵਿਚ ਬੋਲਿਆ, "ਛੋਟੀ ਗਲੀ ਵਿਚ ਕਾਫੀ ਦੂਰ ਇਕ ਗਰੀਬ ਦਾ ਘਰ ਹੈ। ਇਕ ਬਾਰੀ ਖੁਲੀ ਪਈ ਹੈ ਅਤੇ ਜਿਸ ਰਾਹੀਂ ਮੈਂ ਇਕ ਔਰਤ ਨੂੰ ਦੇਖ ਰਿਹਾ ਹਾਂ। ਉਹਦਾ ਚਿਹਰਾ ਪਤਲਾ, ਘਸਿਆ ਅਤੇ ਉਹਦੇ ਪੀਲੇ ਹੱਥ ਸੂਈਆਂ ਨਾਲ ਕਈ ਜਗ੍ਹਾ ਤੋਂ ਵਿੰਨੇ ਹੋਏ ਹਨ ਅਤੇ ਅੰਤਾਂ ਦੀ ਥਕੀ ਲੱਗ ਰਹੀ ਹੈ. ਫਿਰ ਵੀ ਉਹ ਇਕ ਕੋਰੀ ਫੁਲਕਾਰੀ ਤੇ ਬਹੁਤ ਸੁੰਦਰ ਫੂਲ ਕੱਢ ਰਹੀ ਹੈ ਜਿਸ ਨੂੰ ਰਾਣੀ ਦੀ ਵੱਡੀ ਸ਼ਹਿਜਾਦੀ ਨੇ ਆ ਰਹੇ ਡਾਨਸ ਲਈ ਪਹਿਨਣਾ ਹੈ। ਕਮਰੇ ਦੇ ਕੋਨੇ ਉਤੇ ਪਏ ਬਿਸਤਰੇ ਉਪਰ ਉਹਦਾ ਬੀਮਾਰ ਬੱਚਾ ਲੇਟਿਆ ਹੋਇਆ ਹੈ। ਉਸ ਨੂੰ ਬੁਖਾਰ ਹੈ ਅਤੇ ਇਕ ਸੰਤਰਾ ਮੰਗ ਰਿਹਾ ਹੈ। ਪਰ ਉਹਦੀ ਮਾਂ ਕੋਲ ਕੁਝ ਨਹੀਂ ਹੈ ਬੱਚੇ ਨੂੰ ਦੇਣ ਵਾਸਤੇ ਸੁਆਏ ਦਰਿਆ ਦੇ ਪਾਣੀ ਦੇ। ਇਸ ਲਈ ਬੱਚਾ ਰੋ ਰਿਹਾ ਹੈ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੀ ਤਲਵਾਰ ਉਤੋਂ ਲੱਗੀ ਰੂਬੀ ਨੂੰ ਪੁਟੇਗਾ? ਮੇਰੇ ਪੈਰ ਪੱਥਰ ਵਿਚ ਗੱਡੇ ਹੋਏ ਹਨ ਇਸ ਕਰਕੇ ਮੈਂ ਹਿਲ ਨਹੀਂ ਸਕਦਾ।

**ਸਵੈਲੋ** - ਮੇਰੀ ਮਿਸ਼ਰ ਦੇਸ਼ ਵਿਚ ਇੰਤਜ਼ਾਰ ਹੋ ਰਹੀ ਹੈ। ਮੇਰੇ ਯਾਰ ਨੀਲ ਦਰਿਆ ਦੇ ਉਪਰ ਇਧਰ ਉਧਰ ਉਡਦੇ ਹੋਏ ਅਤੇ ਬਹੁਤ ਵੱਡੇ ਲੋਟਸ ਦੇ ਵੱਡੇ ਫੁਲਾਂ ਨਾਲ ਗੱਲਾਂ ਕਰ ਰਹੇ ਹਨ। ਜਲਦੀ ਹੀ ਉਹ ਮਹਾਨ ਰਾਜੇ ਦੀ ਕਬਰ ਉਪਰ ਸੌਂ ਜਾਣਗੇ। ਨਾਲ ਹੀ ਰਾਜਾ ਵੀ ਸੁੰਦਰ ਪੀਲੇ ਲੀਲਣ ਦੇ ਕੱਪੜੇ ਜਿਸ ਉਪਰ ਹੀਰੇ ਜੜ੍ਹੇ ਹਨ ਵਾਲੇ ਕਫਨ ਵਿਚ ਲਪੇਟਿਆ ਕਬਰ ਵਿਚ ਪਿਆ ਹੋਇਆ ਹੈ। ਉਸ ਦੀ ਗਰਦਨ ਵਿਚ ਹਰੇ ਰੰਗ ਦਾ ਕੀਮਤੀ ਹਾਰ ਹੈ ਅਤੇ ਉਹਦੇ ਹੱਥ ਸੁਕੇ ਹੋਏ ਪੱਤਿਆਂ ਵਾਂਗੂੰ ਹਨ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਇਕ ਰਾਤ ਮੇਰੇ ਕੋਲ ਨਹੀਂ ਠਹਿਰ ਸਕਦਾ ਅਤੇ ਮੇਰਾ ਡਾਕੀਆ ਨਹੀਂ ਬਣੇਗਾ? ਬੱਚਾ ਬੜਾ ਪਿਆਸਾ ਹੈ ਅਤੇ ਉਹਦੀ ਮਾਂ ਬੜੀ ਉਦਾਸ ਹੈ।

**ਸਵੈਲੋ** - ਮੈਂ ਬੱਚਿਆਂ ਨੂੰ ਪਸੰਦ ਨਹੀਂ ਕਰਦਾ, ਪਿਛਲੀ ਗਰਮੀਆਂ ਜਦੋਂ ਮੈਂ ਦਰਿਆ ਦੇ ਕੰਢੇ ਠਹਿਰਿਆ ਸੀ ਉਥੋਂ ਦੇ ਭੈੜੇ ਬੱਚਿਆਂ ਜੋ ਮੇਰੇ ਤੇ ਹਮੇਸ਼ਾ ਪੱਥਰ ਸੁੱਟਦੇ ਸਨ। ਮੈਨੂੰ ਉਹਨਾਂ ਨੇ ਬੜਾ ਦੁਖੀ ਕੀਤਾ ਸੀ। ਮੈਨੂੰ ਪੱਥਰ ਲੱਗੇ ਨਹੀਂ ਕਿਉਂਕਿ ਅਸੀਂ ਬੜੇ ਮਾਹਿਰ ਹਾਂ ਟੇਢੀ ਉਚੀ ਨੀਚੀ ਉਡਾਣ ਭਰਨ ਵਿਚ ਅਤੇ ਮੇਰੇ ਮਾਂ-ਬਾਪ ਬਹੁਤ ਹੀ ਮਸ਼ਹੂਰ ਸਨ ਇਹੋ ਜਿਹੀਆਂ ਉਡਾਰੀਆਂ ਮਾਰਨ ਲਈ। ਫਿਰ ਵੀ ਮੈਂ ਅਪਨੀ ਬੇਇਜ਼ਤੀ ਸਮਝੀ।

ਪਰ ਖੁਸ਼ ਸ਼ਹਿਜਾਦਾ ਬੜਾ ਉਦਾਸ ਸੀ ਅਤੇ ਛੋਟੇ ਸਵੈਲੋ ਨੇ ਅਫ਼ਸੋਸ ਨਾਲ ਕਿਹਾ ਕਿ "ਇਥੇ ਠੰਡ ਬਹੁਤ ਹੈ ਪ੍ਰੰਤੂ ਫਿਰ ਵੀ ਮੈਂ ਇਕ ਰਾਤ ਲਈ ਤੇਰਾ ਡਾਕੀਆ ਬਣਾਂਗਾ।"

**ਸ਼ਹਿਜਾਦਾ** - ਛੋਟੇ ਸਵੈਲੋ ਤੇਰਾ ਬਹੁਤ ਸ਼ੁਕਰੀਆ।

ਸੋ ਸਵੈਲੋ ਨੇ ਖੁਸ਼ ਸ਼ਹਿਜਾਦੇ ਦੀ ਤਲਵਾਰ ਵਿਚੋਂ ਰੂਬੀ ਪੁਟੀ ਅਤੇ ਆਪਨੀ ਚੁੰਝ ਵਿਚ ਪਾ ਕੇ ਸ਼ਹਿਰ ਦੀਆਂ ਛੱਤਾਂ ਉਪਰੋਂ ਉਡ ਪਿਆ। ਉਹ ਸ਼ਹਿਰ ਦੀ ਵੱਡੀ ਚਰਚ ਕੋਲੋਂ ਲੰਘਿਆ ਜਿਥੇ ਚਿੱਟੇ ਮਾਰਬਲ ਪੱਥਰ ਦੇ ਤਰਾਸ਼ੇ ਹੋਏ ਫਰਿਸ਼ਤਿਆਂ ਦੇ ਬੁੱਤ ਪਏ ਸਨ। ਉਹ ਮਹੱਲ ਕੋਲੋਂ ਵੀ ਲੰਘਿਆ ਅਤੇ ਉਸ ਨੇ ਡਾਨਸ ਦੀ ਆਵਾਜ਼ ਸੁਣੀ। ਇਕ ਖੂਬਸੂਰਤ ਲੜਕੀ ਆਪਣੇ ਮਸ਼ੂਕ ਨਾਲ ਬਾਹਰ ਨਿਕਲੀ ਅਤੇ ਬੋਲੀ, "ਅਕਾਸ਼ ਵਿਚ ਕਿੰਨੇ ਚੰਗੇ ਤਾਰੇ ਹਨ ਅਤੇ ਪਿਆਰ ਵਿਚ ਕਿੰਨੀ ਤਾਕਤ ਹੈ। ਮੈਨੂੰ ਉਮੀਦ ਹੈ ਕਿ ਮੇਰਾ ਡਰੈਸ ਸਟੇਟ ਦੇ ਡਾਨਸ ਮੁਕਾਬਲੇ ਤੱਕ ਤਿਆਰ ਹੋ ਜਾਵੇਗਾ। ਮੈਂ ਕਢਾਈ ਕੱਢਣ ਵਾਲੀ ਨੂੰ ਬੜੇ ਦਿਲਕਸ਼ ਫੁਲ ਕੱਢਣ

ਲਈ ਕਿਹਾ ਹੋਇਆ ਹੈ ਪਰ ਉਹ ਬੜੀ ਸੁਸਤ ਔਰਤ ਜਾਪਦੀ ਹੈ।"

ਫਿਰ ਛੋਟਾ ਸਵੈਲੋ ਦਰਿਆ ਉਪਰੋਂ ਵੀ ਲੰਘਿਆ ਅਤੇ ਉਸ ਨੇ ਲਾਲਟੈਨਾਂ ਜਹਾਜ਼ਾਂ ਦੇ ਡੰਡਿਆਂ ਨਾਲ ਬੱਝੀਆਂ ਦੇਖੀਆਂ। ਉਹਨੇ ਮੰਡੀ ਵਿਚ ਬੁੱਡੇ ਜੀਊਸ਼ ਵਪਾਰੀ ਇਕ ਦੂਜੇ ਨਾਲ ਸੌਦਾ ਕਰਦੇ ਦੇਖੇ ਅਤੇ ਉਹ ਤਾਂਬੇ ਦੀ ਤੱਕੜੀ ਨਾਲ ਪੈਸੇ ਤੋਲ ਰਹੇ ਸਨ। ਆਖਰਕਾਰ ਉਹ ਉਸ ਗਰੀਬ ਘਰ ਪਹੁੰਚ ਗਿਆ ਅਤੇ ਅੰਦਰ ਤੱਕਿਆ ਕਿ ਬੱਚਾ ਬੁਖਾਰ ਵਿਚ ਇਧਰ ਉਧਰ ਬਿਸਤਰੇ ਤੇ ਪਲਸੇਟੇ ਮਾਰ ਰਿਹਾ ਸੀ। ਅਤੇ ਮਾਂ ਸੌਂ ਗਈ ਸੀ ਕਿਉਂਕਿ ਉਹ ਬਹੁਤ ਥੱਕ ਗਈ ਸੀ। ਸਵੈਲੋ ਅੰਦਰ ਵੜਿਆ ਅਤੇ ਮਾਂ ਦੇ ਕੋਲ ਪਏ ਟੇਬਲ ਉਪਰ ਵੱਡੀ ਰੂਬੀ ਰੱਖ ਦਿੱਤੀ ਅਤੇ ਫਿਰ ਉਹ ਬੜੇ ਪਿਆਰ ਨਾਲ ਚੁਪ-ਚਾਪ ਬਿਸਤਰੇ ਦੇ ਆਲੇ-ਦੁਆਲੇ ਉਡਿਆ। ਬੱਚੇ ਦੇ ਮੱਥੇ ਨੂੰ ਪੱਖਾ ਆਪਨੇ ਖੰਭਾਂ ਨਾਲ ਝੱਲਦਾ ਰਿਹਾ। ਬੱਚਾ ਬੋਲਿਆ, "ਮੈਨੂੰ ਕਿੰਨੀ ਠੰਡ ਪੈ ਗਈ ਹੈ, ਮੈਂ ਜ਼ਰੂਰ ਠੀਕ ਹੋ ਰਿਹਾ ਹਾਂ" ਬੱਚੇ ਨੂੰ ਫਿਰ ਮਿਠੀ ਗੂੜੀ ਨੀਂਦਰ ਆ ਗਈ।

ਫਿਰ ਸਵੈਲੋ ਖੁਸ਼ ਸ਼ਹਿਜਾਦੇ ਕੋਲ ਉਡ ਕੇ ਵਾਪਸ ਆ ਗਿਆ ਅਤੇ ਸ਼ਹਿਜਾਦਾ ਨੂੰ ਸਵੈਲੋ ਨੇ ਦੱਸਿਆ ਕੇ ਕੀ ਉਹਨੇ ਕੀਤਾ ਹੈ, "ਬੜੇ ਅਚੰਭੇ ਦੀ ਗੱਲ ਹੈ ਕਿ ਅੱਜ ਉਹ ਨਿੱਘ ਮਹਿਸੂਸ ਕਰ ਰਿਹਾ ਹੈ ਭਾਵੇਂ ਬਹੁਤ ਠੰਡ ਹੈ"।

**ਸ਼ਹਿਜਾਦਾ** - ਕਿਉਂਕਿ ਤੂੰ ਇਕ ਚੰਗਾ ਕੰਮ ਕੀਤਾ ਹੈ।

ਛੋਟਾ ਸਵੈਲੋ ਸੋਚਣ ਲੱਗਾ ਅਤੇ ਫਿਰ ਸੌਂ ਗਿਆ ਕਿਉਂਕਿ ਸੋਚਣ ਨਾਲ ਹਮੇਸ਼ਾ ਉਹਨੂੰ ਨੀਂਦਰ ਆ ਜਾਂਦੀ ਸੀ।

ਜਦੋਂ ਦਿਨ ਚੜ੍ਹਿਆ ਸਵੈਲੋ ਉਡ ਕੇ ਦਰਿਆ ਵਿਚ ਨਹਾਉਣ ਚਲਾ ਗਿਆ। ਇਕ ਪ੍ਰੋਫੈਸਰ ਦਰਿਆ ਦੇ ਕੰਢੇ ਨਾਲ ਚੱਲਦੇ ਨੇ ਕਿਹਾ, "ਇਹ ਕੀ ਕੇ ਇੰਨੀ ਠੰਡ ਵਿਚ ਵੀ ਇਥੇ ਸਵੈਲੋ ਪੰਛੀ ਹੈ, ਬੜਾ ਅਜੀਬ ਕੌਤਕ ਹੈ ਅਤੇ ਉਹਨੇ ਇਸ ਬਾਰੇ ਇਕ ਲੰਬਾ ਪੱਤਰ ਲੋਕਲ ਪੇਪਰ ਨੂੰ ਲਿਖ ਮਾਰਿਆ।" ਕਈ ਪੜ੍ਹਨ ਵਾਲਿਆਂ ਨੇ ਆਪਨੇ ਖਿਆਲ ਜੁਆਬ ਵਿਚ ਪ੍ਰੋਫੈਸਰ ਨੂੰ ਭੇਜੇ।

**ਸਵੈਲੋ** - ਖੁਸ਼ ਸ਼ਹਿਜਾਦਾ, ਅੱਜ ਮੈਂ ਬਹੁਤ ਖੁਸ਼ ਹਾਂ ਅਤੇ ਰਾਤ ਨੂੰ ਮਿਸਰ ਨੂੰ ਚੱਲ ਪਵਾਂਗਾ। ਮਿਸਰ ਜਾਣ ਦੇ ਖਿਆਲ ਨਾਲ ਉਹ ਖੁਸ਼ੀ ਨਾਲ ਭਰ ਗਿਆ। ਜਾਣ ਤੋਂ ਪਹਿਲਾਂ ਸਵੈਲੋ ਨੇ ਸਾਰੇ ਪਬਲਿਕ ਪਾਰਖ ਦੇਖੇ ਅਤੇ ਬੜੀ ਦੇਰ ਤੱਕ ਵੱਡੀ ਚਰਚ ਦੀ ਗੁੰਬਦ ਉਪਰ ਬੈਠਾ ਰਿਹਾ। ਜਿਥੇ ਵੀ ਉਹ ਗਿਆ ਚਿੜੀਆਂ ਨੇ ਇਕ ਦੂਜੀ ਨੂੰ ਕਿਹਾ ਇਹ ਬੜਾ ਅਨੋਖਾ ਅਜਨਬੀ ਹੈ ਅਤੇ ਸਵੈਲੋ ਸੁਣ ਕੇ ਆਪਣੇ ਆਪ ਵਿਚ ਬਹੁਤ ਖੁਸ਼ ਹੋਇਆ। ਜਦੋਂ ਚੰਦਰਮਾ ਚੜ੍ਹਿਆ ਉਹ ਉਡ ਕੇ ਖੁਸ਼ ਸ਼ਹਿਜਾਦੇ ਕੋਲ ਗਿਆ, "ਕੀ ਸ਼ਹਿਜਾਦਾ ਤੈਨੂੰ ਮਿਸਰ ਵਿਚ ਕੋਈ ਕੰਮ ਹੈ ਤਾਂ ਦੱਸ ਮੈਂ ਹੁਣੇ ਜਾ ਰਿਹਾ ਹਾਂ।"

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਮੈਂ ਸ਼ਹਿਰ ਵਿਚ ਦੂਰ ਅੰਦਰ ਇਕ ਨੌਜਵਾਨ ਦੁਖੀ ਦੇਖ ਰਿਹਾ ਹਾਂ। ਉਹ ਟੇਬਲ ਉਪਰ ਕਾਗਜ਼ਾਂ ਨਾਲ ਆਪਣਾ ਸਿਰ ਢੱਕੀ ਬੈਠਾ ਹੈ। ਉਹਦੇ ਵਾਲ ਭੂਰੇ ਰੰਗ ਦੇ ਅਤੇ ਉਹਦੇ ਬੁਲ੍ਹ ਅਨਾਰ ਦੇ ਦਾਨਿਆਂ ਵਾਂਗੂੰ ਲਾਲ ਅਤੇ ਉਸਦੀਆਂ ਅੱਖਾਂ ਸੋਹਣੇ ਸੁਪਨਿਆਂ ਨਾਲ ਭਰੀਆਂ ਹਨ। ਉਹ ਇਕ ਡਰਾਮਾ ਜੋ ਇਕ ਡਾਇਰੈਕਟਰ ਨੂੰ ਪੇਸ਼ ਕਰਨਾ ਹੈ, ਸਮਾਪਤ ਕਰਨ ਵਿਚ ਰੁੱਝਾ ਹੈ ਪਰ ਅੰਤਾਂ ਦੀ ਠੰਡ ਹੋਣ ਕਰਕੇ ਹੋਰ ਲਿਖ ਨਹੀਂ ਸਕਦਾ ਹੈ। ਉਹਦੇ ਕੋਲ ਅੱਗ ਦੀ ਅੰਗੀਠੀ ਵੀ ਨਹੀਂ ਅਤੇ ਭੁੱਖ ਨਾਲ ਬੇਹੋਸ਼ ਹੋ ਗਿਆ ਹੈ।

**ਸਵੈਲੋ** - ਮੈਂ ਇਕ ਰਾਤ ਤੇਰੇ ਕੋਲ ਹੋਰ ਰੁਕਾਂਗਾ। ਸ਼ਹਿਜਾਦਾ ਮੇਰਾ ਵੀ ਦਿਲ ਚੰਗਾ ਹੈ, ਦਸ ਇਕ ਹੋਰ ਰੂਬੀ ਪੁਟ ਕੇ ਲੈ ਜਾਵਾਂ ਉਸ ਕੋਲ?

**ਸ਼ਹਿਜਾਦਾ** - ਅਫ਼ਸੋਸ ਮੇਰੇ ਕੋਲ ਹੋਰ ਰੂਬੀ ਨਹੀਂ ਹੈ. ਮੇਰੇ ਕੋਲ ਨੀਲਮ ਦੀਆਂ ਅੱਖਾਂ ਹੀ ਹਨ ਅਤੇ ਉਹ ਖਾਸ ਹੀਰਿਆਂ ਦੀਆਂ ਹਨ ਜਿਹੜੇ ਵੇਚ ਕੇ ਕੁਝ ਖਾਣ ਪੀਣ ਦਾ ਸਮਾਨ, ਕੁਝ ਲੱਕੜੀ ਲੈ ਆਵੇਗਾ ਅਤੇ ਡਰਾਮਾ ਪੂਰਾ ਲਿਖ ਦੇਵੇਗਾ।

**ਸਵੈਲੋ** - ਪਿਆਰੇ ਸ਼ਹਿਜਾਦੇ ਮੈਂ ਇਹ ਨਹੀਂ ਕਰ ਸਕਦਾ ਅਤੇ ਰੋਣ ਲੱਗ ਪਿਆ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਤੈਨੂੰ ਕਹਿੰਦਾ ਹਾਂ ਉਸੇ ਤਰ੍ਹਾਂ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਅੱਖ ਕੱਢੀ ਅਤੇ ਨੌਜਵਾਨ ਦੇ ਘਰ ਪਹੁੰਚ ਗਿਆ। ਛੱਤ ਵਿਚ ਇਕ ਛੋਟੀ ਮੋਰੀ ਸੀ ਜਿਦੇ ਵਿਚੋਂ ਸਵੈਲੋ ਅਸਾਨੀ ਨਾਲ ਅੰਦਰ ਥੱਲੇ ਵੱਲ ਉਤਰ ਗਿਆ। ਨੌਜਵਾਨ ਮੁੰਡਾ ਸਿਰ ਨੂੰ ਹੱਥਾਂ ਵਿਚ ਫੜੀ ਬੈਠਾ ਸੀ। ਸੋ ਉਸ ਨੇ ਸਵੈਲੋ ਦੀ ਉਡਾਣ ਦੀ ਖੜ ਖੜ ਅਵਾਜ਼ ਨਾ ਸੁਣੀ। ਪਰ ਥੋੜ੍ਹੀ ਦੇਰ ਬਾਅਦ ਉਹਨੇ ਇਕ ਸ਼ਾਨਦਾਰ ਰੇਅਰ ਹੀਰਾ ਟੇਬਲ ਉਪਰ ਪਿਆ ਦੇਖਿਆ।

ਦੂਸਰੇ ਦਿਨ ਸਵੈਲੋ ਬੰਦਰਗਾਹ ਵੱਲ ਨੂੰ ਪਹੁੰਚਿਆ। ਉਹ ਇਕ ਜਹਾਜ਼ ਦੇ ਡੰਡੇ ਤੇ ਬੈਠ ਗਿਆ। ਸਵੈਲੋ ਨੇ ਮਜ਼ਦੂਰ ਲੋਕਾਂ ਨੂੰ ਚੱਪੂ ਪੂਰੇ ਜ਼ੋਰ ਨਾਲ ਚਲਾਂਦਿਆਂ ਦੇਖਿਆ। ਸਵੈਲੋ ਨੇ ਚੀਕ ਕੇ ਬੋਲਿਆ ਮੈਂ ਮਿਸਰ ਜਾ ਰਿਹਾ ਹਾਂ ਪਰ ਕਿਸੇ ਨੇ ਉਹਨੂੰ ਨਹੀਂ ਸੁਣਿਆ। ਜਦੋਂ ਚੰਦਰਮਾ ਚੜ੍ਹਿਆ ਉਹ ਵਾਪਸ ਉਡ ਕੇ ਖੁਸ਼ ਸ਼ਹਿਜਾਦੇ ਕੋਲ ਆ ਗਿਆ।

**ਸਵੈਲੋ** - ਸ਼ਹਿਜਾਦੇ ! ਮੈਂ ਤੈਨੂੰ ਗੁਡ ਬਾਏ ਕਰਨ ਆਇਆ ਹਾਂ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੇ ਕੋਲ ਇਕ ਰਾਤ ਹੋਰ ਨਹੀਂ ਠਹਿਰੇਗਾ?

**ਸਵੈਲੋ** - ਸਰਦੀ ਆ ਗਈ ਹੈ ਜਲਦੀ ਸਨੋ ਪੈਣੀ ਸ਼ੁਰੂ ਹੋ ਜਾਵੇਗੀ ਅਤੇ ਠੰਡ ਵੱਧ ਜਾਵੇਗੀ। ਮਿਸਰ ਅੱਜ ਕਲ੍ਹ ਗਰਮ ਹੈ ਅਤੇ ਹਰੇ ਪਾਮ ਦੇ ਦਰੱਖ਼ਤ ਮਜੇ ਨਾਲ ਖੜ੍ਹੇ ਹਨ, ਮਗਰਮੱਛ ਧੁਪ ਵਿਚ ਰੇਤ ਅਤੇ ਗਾਰੇ ਉਪਰ ਲੇਟੇ ਮਜੇ ਲੈ ਰਹੇ ਹਨ। ਮੇਰੇ ਸਾਥੀ ਬਾਲਬੈਕ ਮੰਦਰ ਵਿਚ ਆਲ੍ਹਣਾ ਬਣਾ ਰਹੇ ਹਨ, ਗੁਲਾਬੀ ਅਤੇ ਚਿੱਟੀਆਂ ਘੁਗੀਆਂ ਉਨ੍ਹਾਂ ਵੱਲ ਦੇਖ ਰਹੀਆਂ ਹਨ ਅਤੇ ਕਲੋਲ ਕਰ ਰਹੀਆਂ ਹਨ ਇਕ ਦੂਜੇ ਨਾਲ। ਪਿਆਰੇ ਸ਼ਹਿਜਾਦੇ ਹੁਣ ਮੈਨੂੰ ਜ਼ਰੂਰ ਛੱਡ ਕੇ ਜਾਣਾ ਚਾਹੀਦਾ ਹੈ ਪਰ ਮੈਂ ਤੈਨੂੰ ਕਦੇ ਨਹੀਂ ਭੁੱਲਾਂਗਾ ਅਤੇ ਅਗਲੀ ਬਹਾਰ ਰੁਤੇ ਮੈਂ ਤੇਰੇ ਲਈ ਦੋ ਸੁੰਦਰ ਰੂਬੀਆਂ ਅਤੇ ਦੋ ਮੋਤੀ ਅੱਤ ਨੀਲੇ ਨੀਲਮ ਨੀਲੇ ਸਮੁੰਦਰ ਦੇ ਪਾਣੀ ਨਾਲੋਂ ਵੀ ਨੀਲੇ ਲੈ ਕੇ ਆਵਾਂਗਾ। ਰੂਬੀਆ ਲਾਲ ਗੁਲਾਬ ਦੇ ਫੁੱਲਾਂ ਨਾਲੋਂ ਵੀ ਲਾਲ ਹੋਣਗੀਆਂ।

**ਖੁਸ਼ ਸ਼ਹਿਜਾਦਾ** - ਥੱਲੇ ਚੌਰਸ ਵਿਹੜੇ ਵਿਚ ਇਕ ਛੋਟੀ ਲੜਕੀ ਖੜੋਤੀ ਹੈ। ਉਹਦੇ ਕੋਲੂ ਮਾਚਸ ਦੀ ਡੱਬੀ ਚਿੱਕੜ ਵਿਚ ਡਿੱਗ ਗਈ ਹੈ

ਅਤੇ ਸਾਰੀਆਂ ਤੀਲੀਆਂ ਖਰਾਬ ਹੋ ਗਈਆਂ ਹਨ।ਉਸ ਦਾ ਬਾਪ ਉਸ ਨੂੰ ਖਾਲੀ ਹੱਥ ਘਰ ਗਈ ਨੂੰ ਮਾਰੇਗਾ ਅਤੇ ਉਹ ਰੋ ਰਹੀ ਹੈ।ਉਸਦੇ ਪੈਰ ਬਿਨਾਂ ਜ਼ੁਰਾਬਾਂ ਤੋਂ ਹਨ। ਅਤੇ ਪੈਰਾਂ ਵਿਚ ਜੁਤੀ ਵੀ ਨਹੀਂ ਹੈ ਨੰਗੇ ਹਨ ਅਤੇ ਉਹਦਾ ਛੋਟਾ ਜਿਹਾ ਸਿਰ ਵੀ ਨੰਗਾ ਹੈ।ਮੇਰੀ ਦੂਸਰੀ ਅੱਖ ਵੀ ਕੱਢ ਅਤੇ ਉਸ ਲੜਕੀ ਨੂੰ ਦੇ ਆ।ਉਹਦਾ ਬਾਪ ਫਿਰ ਉਸ ਨੂੰ ਨਹੀਂ ਮਾਰੇਗਾ।

**ਸਵੈਲੋ** - ਮੈਂ ਤੇਰੇ ਕੋਲ ਇਕ ਰਾਤ ਹੋਰ ਠਹਿਰਾਂਗਾ ਪਰ ਤੇਰੀ ਤੂਸਰੀ ਅੱਖ ਨਹੀਂ ਕੱਢਾਂਗਾ ਕਿਉਂਕਿ ਫਿਰ ਤੂੰ ਅੰਨ੍ਹਾ ਹੋ ਜਾਵੇਂਗਾ।

**ਸ਼ਹਿਜਾਦਾ** - ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਕਹਿੰਦਾ ਹਾਂ ਚੁੱਪ ਕਰਕੇ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਦੂਸਰੀ ਅੱਖ ਕੱਢੀ ਅਤੇ ਤਿਖਾ ਥਲੇ ਵੱਲ ਨੂੰ ਉਡਿਆ, ਉਹ ਛੋਟੀ ਲੜਕੀ ਦੇ ਕੋਲੋਂ ਲੰਘਿਆ ਅਤੇ ਹੀਰੇ ਨੂੰ ਲੜਕੀ ਦੀ ਤਲੀ ਤੇ ਰੱਖ ਦਿੱਤਾ। ਲੜਕੀ ਨੇ ਕਿਹਾ ਇਹ ਬੜਾ ਸੁੰਦਰ ਸ਼ੀਸ਼ਾ ਹੈ। ਖੁਸ਼ੀ ਨਾਲ ਘਰ ਹੱਸਦੀ ਹੀ ਦੌੜ ਕੇ ਗਈ। ਫਿਰ ਸਵੈਲੋ ਸ਼ਹਿਜਾਦੇ ਕੋਲ ਆ ਗਿਆ ਅਤੇ ਬੋਲਿਆ "ਤੂੰ ਹੁਣ ਅੰਧਾ ਹੋ ਗਿਆ ਹੈਂ ਮੈਂ ਤੇਰੇ ਕੋਲ ਹਮੇਸ਼ਾ ਰਵਾਂਗਾ।

**ਵਿਚਾਰਾ ਸ਼ਹਿਜਾਦਾ** - ਨਹੀਂ, ਛੋਟੇ ਸਵੈਲੋ ਤੂੰ ਮਿਸਰ ਜ਼ਰੂਰ ਜਾ।

**ਸਵੈਲੋ** - ਨਹੀਂ ਮੈਂ ਆਖਿਆ ਸੀ ਕਿ ਮੈਂ ਹਮੇਸ਼ਾ ਤੇਰੇ ਕੋਲ ਰਵਾਂਗਾ ਅਤੇ ਉਹ ਸ਼ਹਿਜਾਦੇ ਦੇ ਪੈਰਾਂ ਦੇ ਉਤੇ ਸੌਂ ਗਿਆ।

ਸਵੈਲੋ ਸਾਰਾ ਵਕਤ ਦੂਸਰੇ ਦਿਨ ਸ਼ਹਿਜਾਦੇ ਦੇ ਮੋਢੇ ਉਪਰ ਬੈਠਾ ਰਿਹਾ ਅਤੇ ਉਹ ਸ਼ਹਿਜਾਦੇ ਨੂੰ ਬੜੀਆਂ ਅਨੋਖੀਆਂ ਗੱਲਾਂ ਜੋ ਉਸ ਨੇ ਕਈ ਅਜੀਬ ਦੇਸ਼ਾਂ ਵਿਚ ਦੇਖੀਆਂ ਸਨ ਦੱਸਦਾ ਰਿਹਾ। ਕਿਸ ਤਰ੍ਹਾਂ ਉਹ ਦਰਿਆ ਨੀਲ ਦੇ ਕੰਢੇ ਇਕ ਲੰਬੀ ਕਤਾਰ ਬਣਾ ਕੇ ਬਗਲੇ ਸੁਨਿਹਰੀ ਮੱਛੀਆਂ ਚੁੰਝਾਂ ਨਾਲ ਪਕੜਨ ਲਈ ਖੜ੍ਹੇ ਰਹਿੰਦੇ ਅਤੇ ਮਿਸਰ ਦੇਸ਼ ਵਿਚ ਕਹਿੰਦੇ ਹਨ ਬੜੀ ਹੀ ਪੁਰਾਣੀ ਮਿਥ ਹੈ ਕਿ "ਆਦਮੀ ਦੇ ਸਿਰ ਪਰ ਸ਼ੇਰ ਦਾ ਧੜ" ਵਾਲਾ ਕੋਈ ਕਦੀ ਜੀਅ ਹੋਇਆ ਕਰਦਾ ਸੀ ਜੋ ਰੇਗਿਸਤਾਨ ਵਿਚ ਰਹਿੰਦਾ ਅਤੇ ਉਸ ਨੂੰ ਸਭ ਕੁਝ ਪਤਾ ਸੀ। ਵਪਾਰੀਆਂ ਬਾਰੇ, ਜੋ ਅਪਨੇ ਅਪਨੇ ਊਠਾਂ ਦੇ ਨਾਲ-ਨਾਲ ਹੌਲੀ ਚਲਦੇ ਰਹਿੰਦੇ ਸਨ ਹੱਥ ਵਿਚ ਐਮਬਰ ਰੰਗ ਦੀਆਂ ਮਾਲਾਂ ਲਈ, ਪਹਾੜਾਂ ਦੇ ਮਹਾਰਾਜਿਆਂ ਬਾਰੇ ਜੋ ਤਵੇ ਜਿੰਨੇ ਕਾਲੇ ਅਤੇ ਵੱਡੇ ਮਣਕਿਆਂ ਦੀ ਪੂਜਾ ਕਰਦੇ ਸਨ, ਹਰੇ ਰੰਗ ਦੇ ਸੱਪਾਂ ਬਾਰੇ ਜੋ ਪਾਮ ਦਰੱਖ਼ਤ ਉਪਰ ਸੌਂਦੇ ਹਨ ਅਤੇ ਜਿੰਨਾਂ ਨੂੰ ਪਾਦਰੀ ਸ਼ਹਿਦ ਦੇ ਵੀਹ ਕੇਕ ਖਾਣ ਨੂੰ ਦਿੰਦੇ ਸਨ ਅਤੇ ਬਹੁਤ ਛੋਟੇ ਜਾਨਵਰ ਜੋ ਵੱਡੀ ਲੇਕ ਵਿਚ ਪੱਤਿਆਂ ਉਪਰ ਬੈਠ ਕੇ ਘੁੰਮਦੇ ਸਨ ਅਤੇ ਹਮੇਸ਼ਾ ਤਿਤਲੀਆਂ ਨਾਲ ਲੜਾਈ ਵਿੱਡੀ ਰੱਖਦੇ।

**ਸ਼ਹਿਜਾਦਾ** - ਪਿਆਰੇ ਛੋਟੇ ਸਵੈਲੋ ਤੂੰ ਮੈਨੂੰ ਬੜੀਆਂ ਵੱਡੀਆਂ ਗੱਲਾਂ ਦੱਸਦਾ ਹੈ ਪਰ ਇਸ ਤੋਂ ਵੀ ਵੱਡੀ ਗੱਲ ਦੁਨੀਆਂ ਵਿਚ ਇਨਸਾਨੀ ਪੀੜਾ ਦੀ ਹੈ।

**ਸ਼ਹਿਜਾਦਾ** - ਪੀੜਾ ਨਾਲੋਂ ਕੋਈ ਵੱਡਾ ਰਹਿਸਅ ਨਹੀਂ ਹੈ। ਛੋਟੇ ਸਵੈਲੋ ਮੇਰੇ ਸ਼ਹਿਰ ਉਪਰ ਉਡ ਅਤੇ ਮੈਨੂੰ ਦਸ ਤੂੰ ਕੀ ਦੇਖ ਕਰ ਆਇਆ ਹੈ। ਸੋ ਸਵੈਲੋ ਸ਼ਹਿਰ ਉਪਰ ਉਡਿਆ ਅਤੇ ਉਸ ਨੇ ਅਮੀਰਾਂ ਨੂੰ ਅਪਨੇ ਸੋਹਣੇ ਘਰ ਦੀਆਂ ਖੁਸ਼ੀਆਂ ਮਨਾਂਦਿਆਂ ਤਕਿਆ ਜਦੋਂ ਕਿ ਮੰਗਤੇ ਉਹਨਾਂ ਦੇ ਦਰਾਂ ਤੇ ਖਲੋਤੇ ਦੇਖੇ। ਉਹ ਹਨੇਰੀਆਂ ਗਲੀਆਂ ਵਿਚ ਗਿਆ ਅਤੇ ਬੱਚਿਆਂ ਦੇ ਭੁੱਖ ਨਾਲ ਪੀਲੇ ਚਿਹਰੇ ਦੇਖੇ ਜੋ ਕਿ ਕਾਲੀਆਂ ਗਲੀਆਂ ਨੂੰ ਝਾਕ ਰਹੇ ਸਨ।

ਪੁਲਾਂ ਦੇ ਥੱਲੇ ਦੇ ਬੱਚੇ ਪਾਲੇ ਤੋਂ ਬਚਣ ਲਈ ਇਕ ਦੂਜੇ ਦੀਆਂ ਬਾਹਾਂ ਨਾਲ ਅਪਨੇ ਆਪ ਨੂੰ ਢੱਕੀ ਲੇਟੇ ਸਨ ਅਤੇ ਕਹਿ ਰਹੇ ਸਨ ਸਾਨੂੰ ਕਿੰਨੀ ਭੁੱਖ ਲੱਗੀ ਹੈ। ਚੌਂਕੀਦਾਰ ਉਚੀ ਆਵਾਜ਼ ਵਿਚ ਉਨ੍ਹਾਂ ਨੂੰ ਕਹਿ ਰਿਹਾ ਸੀ ਤੁਸੀਂ ਏਥੇ ਨਹੀਂ ਲੇਟ ਸਕਦੇ। ਉਹ ਵਿਚਾਰੇ ਬੇਬੱਸ ਹਾਲਤ ਬਾਰਸ਼ ਵਿਚ ਚਲੇ ਗਏ। ਸਵੈਲੋ ਨੇ ਇਹ ਸਭ ਕੁਝ ਸ਼ਹਿਜਾਦੇ ਨੂੰ ਆ ਕੇ ਦੱਸਿਆ।

**ਸ਼ਹਿਜਾਦਾ** - ਮੈਨੂੰ ਸੋਨੇ ਦੀਆਂ ਪਤੀਆਂ ਨਾਲ ਮੜਿਆ ਹੋਇਆ ਹੈ। ਤੂੰ ਦੋ ਪਤਰੇ ਲਾਹ ਕੇ ਉਨ੍ਹਾਂ ਨੂੰ ਦੇਹ ਆ। ਇਸ ਤਰ੍ਹਾਂ ਸਵੈਲੋ ਨੇ ਦੋ ਪਤਰਿਆਂ ਨੂੰ ਲਾਹ ਕੇ ਬੱਚਿਆਂ ਨੂੰ ਦਿੱਤੇ ਅਤੇ ਹੋਰ ਗਰੀਬਾਂ ਨੂੰ ਵੀ ਕਈ ਦਿਨ ਵੰਡਦਾ ਰਿਹਾ ਜਦੋਂ ਤੱਕ ਸ਼ਹਿਜਾਦੇ ਦਾ ਬੁੱਤ ਨੰਗਾ ਨਾ ਹੋਇਆ। ਭੁਖੇ ਬੱਚਿਆਂ ਨੇ ਰੋਟੀ ਖਰੀਦੀ ਅਤੇ ਖਾ ਕੇ ਹੱਸੇ। ਉਹ ਗਲੀ ਵਿਚ ਖੂਬ ਖੇਲੇ।

ਅਤੇ ਗਰੀਬਾਂ ਦੇ ਚਿਹਰਿਆਂ ਤੇ ਕੁਝ ਖੁਸ਼ੀ ਵਾਪਸ ਆਈ। ਹੁਣ ਸਿੱਕੇ ਦਾ ਬੁੱਤ ਭੱਦਾ ਤੇ ਝੜਿਆ ਜਿਹਾ ਲੱਗਣ ਲੱਗ ਪਿਆ। ਫਿਰ ਕੋਰਾ ਅਤੇ ਸਨ੍ਹੋ ਪੈਣ ਦੀ ਰੁੱਤ ਆ ਗਈ। ਗਲੀਆਂ ਚਾਂਦੀ ਦੀਆਂ ਜਿਸ ਤਰ੍ਹਾਂ ਬਣੀਆਂ ਹੋਣ ਬੜੀਆਂ ਚਮਕੀਲੀਆਂ ਅਤੇ ਲਿਸ਼ਕਦੀਆਂ। ਘਰਾਂ ਦੇ ਬਨ੍ਹੇਰਿਆਂ ਤੇ ਲੰਬੇ ਦਾਨੇਦਾਰ ਬਰਛਿਆਂ ਵਰਗੀਆਂ ਸਨ੍ਹੋ ਦੀਆਂ ਲੰਬੀਆਂ ਤਾਰਾਂ ਲਟਕਣ ਲੱਗ ਪਈਆਂ। ਹਰ ਕੋਈ ਚਿੱਟੀ ਫਰ ਪਹਿਨੀ ਲੱਗੇ ਔਤ ਛੋਟੇ ਬੱਚੇ ਲਾਲ ਸਿਤਾਰੇ ਜੜੀਆਂ ਟੋਪੀਆਂ ਪਾਈ ਸਨ੍ਹੋ ਉਪਰ ਸਕੇਟਿੰਗ ਕਰਦੇ।

ਵਿਚਾਰਾ ਛੋਟਾ ਸਵੈਲੋ ਠੰਡਾ-ਹੋਰ ਠੰਡਾ ਹੁੰਦਾ ਗਿਆ। ਪਰ ਉਹ ਸ਼ਹਿਜਾਦੇ ਨੂੰ ਇਕੱਲੇ ਛੱਡ ਕੇ ਨਾ ਗਿਆ ਕਿਉਂਕਿ ਉਹ ਸ਼ਹਿਜਾਦੇ ਨੂੰ ਬੜਾ ਪਿਆਰ ਕਰਦਾ ਸੀ। ਬੇਕਰੀ ਦੀ ਦੁਕਾਨ ਤੇ ਬਾਹਰ ਪਏ ਵੱਡੇ ਕਾਗ਼ਜ਼ ਬੇਕਰ ਦੀ ਅੱਖਾਂ ਤੋਂ ਬਚਾ ਕਿ ਚੁੱਕ ਕੇ ਅਪਨੇ ਆਲੇ-ਦੁਆਲੇ ਲਪੇਟਦਾ ਅਤੇ ਕਦੀ ਖੰਭ ਵੀ ਹਿਲਾਂਦਾ ਨਿੱਘਾ ਰਹਿਣ ਵਾਸਤੇ।

ਆਖਰ ਵਿਚ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਹੁਣ ਉਹ ਸੱਚੀ ਮਰਨ ਕਿਨਾਰੇ ਹੈ। ਉਸ ਵਿਚ ਬੜੀ ਥੋੜ੍ਹੀ ਤਾਕਤ ਰਹਿ ਗਈ ਸੀ। ਬੜੀ ਮੁਸ਼ਕਲ ਨਾਲ ਉਹ ਸ਼ਹਿਜਾਦੇ ਦੇ ਮੋਢਿਆਂ ਤੇ ਮਸਾਂ ਹੀ ਚੜ੍ਹਿਆ ਅਤੇ ਮੂੰਹ ਵਿਚ ਹੀ ਬੋਲ ਸਕਿਆ, "ਗੁਡ-ਬਾਏ, ਪਿਆਰੇ ਸ਼ਹਿਜਾਦੇ। ਕੀ ਤੂੰ ਮੈਨੂੰ ਆਪਨਾ ਹੱਥ ਚੁੰਮਣ ਦੇਵੇਂਗਾ?"

**ਸ਼ਹਿਜਾਦਾ** - ਮੈਨੂੰ ਖੁਸ਼ੀ ਹੈ ਕਿ ਹੁਣ ਮਿਸਰ ਜਾਣ ਵਾਸਤੇ ਮੰਨ ਗਿਆ ਹੈ। ਛੋਟੇ ਸਵੈਲੋ ਤੂੰ ਮੇਰੇ ਕੋਲ ਬਹੁਤ ਦੇਰ ਰੁਕਿਆ ਹੈ। ਮੈਂ ਤੈਨੂੰ ਪਿਆਰ ਕਰਦਾ ਹਾਂ, ਇਸ ਕਰਕੇ ਤੂੰ ਮੇਰੇ ਬੁਲ੍ਹਾਂ ਨੂੰ ਚੁੰਮ ਲੈ।

**ਸਵੈਲੋ** - "ਮੈਂ ਮਿਸਰ ਨੂੰ ਨਹੀਂ ਜਾ ਰਿਹਾ। ਮੈਂ ਤਾਂ ਮੌਤ ਦੇ ਘਰ ਜਾ ਰਿਹਾ ਹਾਂ। ਮੌਤ ਨੀਂਦਰ ਦੀ ਭੈਣ ਹੀ ਤੇ ਹੈ?" ਫਿਰ ਉਸ ਨੇ ਸ਼ਹਿਜਾਦੇ ਨੂੰ ਬੁਲ੍ਹਾਂ ਤੇ ਚੁੰਮਨ ਦਿੱਤਾ। ਉਸੇ ਵਕਤ ਮਰ ਗਿਆ ਅਤੇ ਥੱਲੇ ਸ਼ਹਿਜਾਦੇ ਪੈਰਾਂ ਵਿਚ ਧੜੱਮ ਕਰਦਾ ਡਿੱਗਾ।

ਉਸ ਵੇਲੇ ਬੁੱਤ ਵਿਚੋਂ ਕੋਈ ਚੀਜ਼ ਦੇ ਟੁੱਟਣ ਦੀ ਅਜੀਬ ਆਵਾਜ਼ ਆਈ। ਅਸਲ ਵਿਚ ਸਿੱਕੇ ਦੇ ਦਿਲ ਦੇ ਟੋਟਿਆਂ ਵਿਚ ਹੋ ਗਿਆ ਸੀ। ਅਗਲੇ ਸਵੇਰੇ ਸ਼ਹਿਰ ਦਾ ਮੇਅਰ ਅਤੇ ਦੋ ਕੌਂਸਲਰ ਸੈਰ ਕਰਦੇ ਕਰਦੇ ਸ਼ਹਿਰ ਦੀ ਉਸ ਉਚੀ ਜਗ੍ਹਾ ਜਿਥੇ ਬੁੱਤ ਲਾਠ ਦੇ ਉਪਰ ਰੱਖਿਆ ਹੋਇਆ ਸੀ ਵੱਲ ਆ ਪਹੁੰਚੇ। ਜਿਉਂ ਹੀ ਉਹਨਾਂ ਨੇ ਉਤਾਂਹ ਬੱਤ ਵੱਲ ਨਜ਼ਰ ਉਠਾ ਕੇ ਦੇਖਿਆ, ਮੇਅਰ ਬੋਲਿਆ, "ਓਹ ! ਖੁਸ਼ ਸ਼ਹਿਜਾਦਾ ਕਿੰਨਾਂ ਭੱਧਾ ਅਤੇ ਝੜਿਆ ਹੋਇਆ ਲੱਗ ਰਿਹਾ ਹੈ।"

ਸ਼ਹਿਰ ਦੇ ਕੌਂਸਲਰ ਬੋਲੇ, "ਜੀ ਹਾਂ ਵਾਕਿਆ ਹੀ।" ਉਹ ਹਮੇਸ਼ਾ ਮੇਅਰ ਦੀ ਹਾਂ ਵਿਚ ਹਾਂ ਮਿਲਾਂਦੇ ਹੁੰਦੇ।

ਮੇਅਰ ਬੋਲਿਆ, "ਰੂਬੀ ਸ਼ਹਿਜਾਦੇ ਦੀ ਹੱਥ ਵਿਚ ਫੜੀ ਤਲਵਾਰ ਵਿਚੋਂ ਰੂਬੀ ਕਿਧਰੇ ਡਿੱਗ ਚੁੱਕੀ ਹੈ, ਉਹਦੀਆਂ ਅੱਖਾਂ ਵੀ ਖਤਮ ਹੋ ਗਈਆਂ ਹਨ ਅਤੇ ਨਾ ਹੀ ਉਹ ਹੁਣ ਸੁਨਿਹਰੀ ਰਿਹਾ ਹੈ। ਦਰਅਸਲ ਹੁਣ ਉਹ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ। ਲਓ ਦੇਖੋ, ਇਕ ਪੰਛੀ ਵੀ ਮਰਿਆ ਉਹਦੇ ਪੈਰਾਂ ਵਿਚ ਪਿਆ ਹੈ।"

ਕੌਂਸਲਰ ਬੋਲੇ, "ਹਾਂ ਜੀ, ਖੁਸ਼ ਸ਼ਹਿਜਾਦਾ ਵਾਕਿਆ ਹੀ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ।"

"ਸਾਨੂੰ ਇਕ ਹੁਕਮ ਕੱਢ ਦੇਣਾ ਚਾਹੀਦਾ ਹੈ ਕਿ ਇਥੇ ਕਿਸੇ ਪੰਛੀ ਨੂੰ ਮਰਨਾ ਮਨ੍ਹਾਂ ਹੈ।" ਸਾਰਿਆਂ ਨੇ ਇਹੋ ਹੀ ਕਿਹਾ। ਸ਼ਹਿਰ ਦੇ ਸਟੈਨੋ ਨੇ ਨੋਟ ਕਰ ਲਿਆ।

ਸੋ ਉਨ੍ਹਾਂ ਦੇ ਹੁਕਮ ਕਰਨ ਤੇ ਮਜ਼ਦੂਰਾਂ ਨੇ ਖੁਸ਼ ਸ਼ਹਿਜਾਦਾ ਦਾ ਬੁੱਤ ਲਾਠ ਦੇ ਉਪਰੋਂ ਥੱਲੇ ਗਿਰਾ ਦਿੱਤਾ। ਯੂਨੀਵਰਸਿਟੀ ਦੇ ਆਰਟ ਪ੍ਰੋਫੈਸਰ ਨੇ ਵੀ ਇਕ ਅਖ਼ਬਾਰ ਵਿਚ ਲਿਖਿਆ ਤੇ ਬੁੱਤ ਸੁੰਦਰ ਨਹੀਂ ਸੀ ਰਿਹਾ ਅਤੇ ਨਾ ਉਸ ਦਾ ਕੋਈ ਲਾਭ ਸੀ ਉਥੇ ਰੱਖਣ ਵਿਚ।

ਉਨ੍ਹਾਂ ਨੇ ਬੁੱਤ ਨੂੰ ਸ਼ਹਿਰ ਦੀ ਭੱਠੀ ਵਿਚ ਪਿਘਲਾ ਦਿੱਤਾ ਅਤੇ ਸ਼ਹਿਰ ਦੇ ਮੇਅਰ ਨੇ ਕਮੇਟੀ ਦੀ ਮੀਟਿੰਗ ਬੁਲਾਈ ਕਿ ਪਿਘਲੇ ਹੋਏ ਸਿੱਕੇ ਦਾ ਕੀ ਕੀਤਾ ਜਾਵੇ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਕ ਹੋਰ ਬੁੱਤ ਬਨਾਉਣਾ ਚਾਹੀਦਾ ਹੈ ਅਤੇ ਇਹ ਮੇਰਾ ਹੋਣਾ ਚਾਹੀਦਾ ਹੈ। ਇਹ ਸੁਣ ਕੇ ਦੋਵੇਂ ਕੌਂਸਲਰ ਆਪਸ ਵਿਚ ਲੜ ਪਏ ਅਤੇ ਸ਼ਹਿਜਾਦੇ ਨੂੰ ਉਨ੍ਹਾਂ ਦੀ ਕੜਵੀ ਲੜਾਈ ਚੰਗੀ ਨਾ ਲੱਗੀ ਅਤੇ ਜਦੋਂ ਸ਼ਹਿਜਾਦੇ ਨੇ ਸੁਨਣਾ ਬੰਦ ਕੀਤਾ ਤਾਂ ਉਹ ਅਜੇ ਵੀ ਲੜ ਰਹੇ ਸਨ। ਉਵਰਸੀਅਰ ਨੇ ਆ ਕੇ ਦੱਸਿਆ, "ਬੜੀ ਅਜੀਬ ਗੱਲ ਹੈ ! ਸਿੱਕੇ ਦਾ ਦਿਲ ਜਿਸਦੇ ਦੋ ਟੋਟੇ ਹੋ ਗਏ ਸਨ ਪਿਘਲਿਆ ਨਹੀਂ ਹੈ, ਸਾਨੂੰ ਇਸ ਨੂੰ ਰੂੜੀ ਦੇ ਉਸ ਢੇਰ ਤੇ ਸੁੱਟ ਦੇਣਾ ਚਾਹੀਦਾ ਹੈ ਜਿਥੇ ਮਰਿਆ ਹੋਇਆ ਸਵੈਲੋ ਸੁੱਟਿਆ ਸੀ।" ਸੋ ਉਹਨਾਂ ਨੇ ਇਸ ਤਰ੍ਹਾਂ ਹੀ ਕੀਤਾ।

ਰੱਬ ਨੇ ਅਪਨੇ ਇਕ ਫਰਿਸ਼ਤੇ ਨੂੰ ਕਿਹਾ ਕਿ ਦੋ ਬਹੁਤ ਕੀਮਤੀ ਚੀਜ਼ਾਂ ਉਸ ਸ਼ਹਿਰ ਦੀਆਂ ਲਿਆ ਕੇ ਮੈਨੂੰ ਦਿਉ ਅਤੇ ਫਰਿਸ਼ਤੇ ਨੇ ਸਿੱਕੇ ਦੇ ਟੋਟੇ ਹੋਇਆ ਦਿਲ ਅਤੇ ਮਰਿਆ ਪੰਛੀ ਜੋ ਕਿ ਰੂੜੀ ਦੇ ਢੇਰ ਤੇ ਪਏ ਸਨ ਲਿਆ ਕੇ ਰੱਬ ਨੂੰ ਦਿੱਤੇ।

ਰੱਬ ਨੇ ਕਿਹਾ ਤੁਹਾਡੀ ਚੋਣ ਬਿਲਕੁਲ ਠੀਕ ਹੈ ਕਿਉਂਕਿ ਇਹ ਛੋਟਾ ਪੰਛੀ ਮੇਰੇ ਬਾਗ ਵਿਚ ਹਮੇਸ਼ਾ ਮਸਤੀ ਵਿਚ ਗਾਂਦਾ ਰਵੇਗਾ ਅਤੇ ਨਾਲ ਹੀ ਮੇਰੇ ਗੋਲਡਨ ਸ਼ਹਿਰ ਹੈ ਜਿਸ ਵਿਚ ਖੁਸ਼ ਸ਼ਹਿਜਾਦਾ ਮੇਰੀ ਸਿਫਤ ਕਰਿਆ ਕਰੇਗਾ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240, lubanabs@yahoo.co.in**

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਬਿਅੰਤ ਸਿੰਘ ਸੀਨੀਅਰ ਐਕਸੀਐਨ ਬਿਜਲੀ ਬੋਰਡ ਦਾ ਮਿਤੀ 26-04-2016 ਨੂੰ ਉਨ੍ਹਾਂ ਦੇ ਪਿੰਡ ਅਟੱਲਗੜ੍ਹ, ਮੁਕੇਰੀਆਂ ਵਿਖੇ ਦੇਹਾਂਤ ਹੋ ਗਿਆ ਸੀ। ਉਹ 74 ਵਰ੍ਹਿਆ ਦੇ ਸੀ। ਉਹ ਸਵ : ਸ. ਬਸੰਤ ਸਿੰਘ ਦੇ ਪੁੱਤਰ ਅਤੇ ਸ. ਬਹਾਦੁਰ ਮਹਿਤਾਬ ਸਿੰਘ ਗਾਲੋਵਾਲ ਦੇ ਪੋਤਰੇ ਸਨ। ਉਨ੍ਹਾਂ ਦਾ ਜਨਮ 10-01-1942 ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਬੀ.ਐਸ.ਸੀ. ਪਾਸ ਕੀਤੀ। ਪਿੱਛੋਂ ਉਨ੍ਹਾਂ ਨੇ ਬੀ.ਈ. (ਇਲੈਕਟਰੀਕਲ) ਦੀ ਡਿਗਰੀ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਤੋਂ ਪਾਸ ਕੀਤੀ। ਉਹ ਕੁਝ ਸਮਾਂ ਨੌਕਰੀ ਤੋਂ ਬਗੈਰ ਰਹੇ ਅਤੇ ਪਿੱਛੋਂ ਕੁਝ ਸਮਾਂ ਉਨ੍ਹਾਂ ਪ੍ਰਾਈਵੇਟ ਕੰਪਨੀ ਵਿਚ ਨੌਕਰੀ ਕੀਤੀ। ਇਸ ਪਿੱਛੋਂ ਉਨ੍ਹਾਂ ਪੰਜਾਬ ਇਲੈਕਟਰੀਸਿਟੀ ਬੋਰਡ ਵਿਚ ਬੜੀ ਇਮਾਨਦਾਰੀ ਅਤੇ ਮਿਹਨਤ ਨਾਲ ਲੰਮੀ ਨੌਕਰੀ ਕੀਤੀ ਅਤੇ ਸੰਨ 2000 ਵਿਚ ਉਹ ਨੌਕਰੀ ਤੋਂ ਸੇਵਾ ਮੁਕਤ ਹੋ ਗਏ। ਸਵ: ਸ. ਬਿਅੰਤ ਸਿੰਘ ਆਪਣੇ ਪਿੱਛੇ ਆਪਣੀ ਪਤਨੀ ਜਿਹੜੀ ਕਿ ਸਰਕਾਰੀ ਨੌਕਰੀ ਤੋਂ ਲੈਕਚਰਾਰ ਵਜੋਂ ਰਿਟਾਇਰ ਹੋਏ ਹਨ, ਇਕ ਬੇਟਾ ਅਤੇ ਦੋ ਬੇਟੀਆਂ ਪਿੱਛੇ ਛੱਡ ਗਏ ਹਨ। ਉਨ੍ਹਾਂ ਦੀ ਵੱਡੀ ਲੜਕੀ ਅਮਰੀਕਾ ਵਿਚ ਸੈਟਲ ਹੈ ਅਤੇ ਦੂਸਰੀ ਪੈਪਸੀ ਕੋ ਪਟਿਆਲੇ ਵਿਖੇ ਨੌਕਰੀ ਕਰ ਰਹੀ ਹੈ। ਉਨ੍ਹਾਂ ਦਾ ਲੜਕਾ ਅਮਨਦੀਪ ਸਿੰਘ ਆਪਣੇ ਪਿੰਡ ਅਟੱਲਗੜ੍ਹ ਵਿਖੇ ਬੜੇ ਸੁਚੱਜੇ ਤਰੀਕੇ ਨਾਲ ਡੇਅਰੀ ਫਾਰਮਿੰਗ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ ਵਿਖੇ ਮਿਤੀ 08-05-2016 ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਪਿੱਛੋਂ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਅਤੇ ਅੰਤਿਮ ਅਰਦਾਸ ਹੋਈ ਜਿਸ ਵਿਚ ਸ੍ਰੀ ਰਜਨੀਸ਼ ਬੱਬੀ ਐਮ.ਐਲ.ਏ., ਕਰਨਲ ਰਾਜਿੰਦਰ ਸਿੰਘ, ਮੇਜਰ ਨਰਿੰਦਰ ਸਿੰਘ ਜਲੋ, ਕਰਨਲ ਕੁਲਵੰਤ ਸਿੰਘ, ਡਾ. ਦਵਿੰਦਰ ਸਿੰਘ ਅਤੇ ਸ. ਸੁਰਜੀਤ ਸਿੰਘ ਭੱਟੀਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਤੇ ਕਾਕਾ ਅਮਨਦੀਪ ਸਿੰਘ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਆਪਣੀ ਮੈਂਬਰਸ਼ਿਪ ਵਜੋਂ 2000/- ਰੁਪਏ ਭੇਜੇ। ਅਦਾਰਾ ਫਾਊਂਡੇਸ਼ਨ ਇਸ ਦੁਖ ਸਮੇਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਪਰਿਵਾਰ ਚੜ੍ਹਦੀਆਂ ਕਲਾ ਵਿਚ ਰਹੇ।

**(ਮੇਜਰ ਨਰਿੰਦਰ ਸਿੰਘ ਜੱਲੋ)**

কহাণী

# ਪੈਸੇ ਦੀ ਦੌੜ

ਭੂਸ਼ਨ ਕੁਮਾਰ

ਅੱਜ ਦਾ ਯੁੱਗ ਪੈਸੇ ਦਾ ਯੁੱਗ ਹੈ ਅਤੇ ਮਨਮਰਜ਼ੀ ਦਾ ਯੁੱਗ ਹੈ। ਅੱਜ ਹਰੇਕ ਵਿਅਕਤੀ ਪੈਸੇ ਦੀ ਦੌੜ ਵਿਚ ਲੱਗਿਆ ਹੋਇਆ ਹੈ ਅਤੇ ਹਰੇਕ ਵਿਅਕਤੀ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਬਨਣਾ ਚਾਹੁੰਦਾ ਹੈ ਭਾਵੇਂ ਕਮਾਈ ਕਿਸੇ ਵੀ ਤਰੀਕੇ ਨਾਲ ਹੋਵੇ ਕਾਨੂੰਨੀ ਢੰਗ ਨਾਲ ਹੋਵੇ ਜਾਂ ਗੈਰ ਕਾਨੂੰਨੀ ਤਰੀਕੇ ਨਾਲ ਹੋਵੇ। ਬਗੈਰ ਰੁਪਏ ਪੈਸੇ ਵਾਲੇ ਵਿਅਕਤੀ ਨੂੰ ਕੋਈ ਭਾਵੇਂ ਖਾਸ ਰਿਸ਼ਤੇਦਾਰ ਹੋਵੇ ਆਪਣਾ ਰਿਸ਼ਤੇਦਾਰ ਕਹਿਣ ਨੂੰ ਤਿਆਰ ਨਹੀਂ ਹੈ ਅਤੇ ਨਾ ਹੀ ਕੋਈ ਆਪਣੇ ਗਰੀਬ ਦੋਸਤ ਨੂੰ ਕੋਈ ਦੋਸਤ ਕਹਿਣ ਨੂੰ ਤਿਆਰ ਹੈ। ਅੱਜ ਦੇ ਯੁੱਗ ਵਿਚ ਪੈਦਲ ਵਾਲਾ ਸਾਈਕਲ ਦੀ, ਸਾਈਕਲ ਵਾਲਾ ਸਕੂਟਰ ਦੀ, ਸਕੂਟਰ ਵਾਲਾ ਵਧੀਆ ਮਹਿੰਗੀ ਕਾਰ ਦੀ ਅਤੇ ਕਾਰ ਵਾਲਾ ਹਵਾ ਵਿਚ ਉਡਾਰ ਦੀ ਇੱਛਾ ਰੱਖਦਾ ਹੈ।

ਇਸੇ ਤਰ੍ਹਾਂ ਮਨਯੁੱਗ ਹੈ। ਜੋ ਕਿਸੇ ਕੰਮ ਬਾਰੇ ਕੋਈ ਬੱਚਾ, ਨੌਜਵਾਨ, ਬਜ਼ੁਰਗ ਦਾ ਮਨ ਕਰਦਾ ਹੈ ਉਹ ਕਰਕੇ ਹੀ ਰਹਿੰਦਾ ਹੈ। ਭਾਵੇਂ ਕੋਈ ਵੀ ਪਰਿਵਾਰ ਦਾ ਮੈਂਬਰ ਉਸ ਦੇ ਕੰਮ ਦੀ ਪ੍ਰਸੰਸ਼ਾ ਨਾ ਕਰਦਾ ਹੋਵੇ। ਪਹਿਲਾਂ ਇਕੱਲੀ ਇਸਤਰੀ ਨੂੰ ਹੀ ਮਨਮਰਜ਼ੀ ਦੀ ਮਾਲਕ ਕਿਹਾ ਜਾਂਦਾ ਸੀ ਕਿ ਅਗਰ ਇਸਤਰੀ ਕਿਸੇ ਵੀ ਕੰਮ ਦੀ ਜਿੱਦ ਪਕੜ ਲਵੇ ਤਾਂ ਕੰਮ ਕਰਕੇ ਹੀ ਸਾਹ ਲੈਂਦੀ ਸੀ ਪਰ ਅੱਜਕਲ੍ਹ ਜੰਮਦੇ ਬੱਚੇ ਤੋਂ ਲੈ ਕੇ ਸੌ ਸਾਲ ਦੇ ਬਜ਼ੁਰਗ ਤੱਕ ਮਨਚਾਹਿਆ ਕੰਮ ਕਰਨ ਦੀ ਜਿੱਦ ਹੈ।

ਇਹ ਕਹਾਣੀ ਇਸ ਤਰ੍ਹਾਂ ਦੀ ਹੈ ਕਿ ਇਕ ਪਿੰਡ ਵਿਚ ਇਕ ਵਿਅਕਤੀ ਜ਼ਮੀਨ ਠੇਕੇ ਤੇ ਲੈ ਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ। ਉਹ ਆਪਣੇ ਕੰਮ ਵਿਚ ਬਹੁਤ ਮਿਹਨਤੀ ਸੀ ਇਸ ਕਰਕੇ ਲੋਕ ਉਸ ਨੂੰ ਹਿੰਮਤ ਸਿੰਘ ਕਹਿਣ ਲੱਗ ਗਏ। ਉਹ ਪੋਹ ਫੱਟਦੀ ਨੂੰ ਤੜਕਸਾਰ ਸਵੇਰੇ ਜਲਦੀ ਉਠ ਖੜਦਾ ਸੀ ਅਤੇ ਚਾਹ ਪੀ ਕੇ ਨਹਾ ਧੋ ਕੇ ਗੁਰਦੁਆਰਾ ਸਾਹਿਬ ਦਰਸ਼ਨ ਕਰਕੇ ਖੇਤ ਨੂੰ ਚਲਾ ਜਾਂਦਾ ਸੀ। ਉਹ ਸੁਭਾ ਆਪਣੇ ਘਰ ਦਾ ਸਮਾਨ ਆਪਣੀ ਘਰ ਵਾਲੀ ਤੋਂ ਪੁੱਛ ਕੇ ਜਾਂਦਾ ਸੀ ਅਤੇ ਸ਼ਾਮ ਨੂੰ ਲੈ ਕੇ ਆਉਂਦਾ ਸੀ। ਉਹ ਸੁਭਾ ਤੋਂ ਸ਼ਾਮ ਤੱਕ ਆਪਣੇ ਖੇਤ ਵਿਚ ਕੰਮ ਕਰਦਾ ਸੀ ਅਤੇ ਖੇਤ ਦੀ ਨਿਗਰਾਨੀ ਰੱਖਦਾ ਸੀ। ਹਿੰਮਤ ਸਿੰਘ ਦਾ ਖਾਣਾ ਲੱਸੀ, ਚਾਹ, ਦੁੱਧ ਸਾਰਾ ਕੁਝ ਉਸ ਦੇ ਘਰ ਵਾਲੀ ਖੇਤ ਲੈ ਆਉਂਦੀ ਸੀ ਜਿਸ ਨੂੰ ਗੂੜ੍ਹੇ ਪੰਜਾਬੀ ਸ਼ਬਦਾਂ ਵਿਚ ਭੱਤਾ ਕਿਹਾ ਜਾਂਦਾ ਹੈ। ਹਿੰਮਤ ਸਿੰਘ ਪੱਕਾ ਵੈਸ਼ਨੂੰ ਸੀ। ਉਸ ਨੂੰ ਕਿਸੇ ਚੀਜ਼ ਦਾ ਵੀ ਐਬ ਨਹੀਂ ਸੀ ਇਸ ਕਰਕੇ ਰਿਸ਼ਤੇਦਾਰ ਵੀ ਉਸ ਕੋਲ ਘੱਟ ਹੀ ਆਉਂਦੇ ਸਨ ਕਿਉਂਕਿ ਉਹ ਕੰਮ ਤੋਂ ਵੇਹਲ ਨਾ ਹੋਣ ਕਾਰਨ ਅਤੇ ਵੈਸ਼ਨੂੰ ਹੋਣ ਕਾਰਨ ਕਿਸੇ ਰਿਸ਼ਤੇਦਾਰੀ ਵਿਚ ਜਾ ਕੇ ਨਾ ਸ਼ਰਾਬ ਵਗੈਰਾ ਦੀ ਮੰਗ ਕਰਦਾ ਸੀ ਅਤੇ ਨਾ ਹੀ ਕਿਸੇ ਆਏ ਰਿਸ਼ਤੇਦਾਰ ਨੂੰ ਸ਼ਰਾਬ ਪਿਉਂਦਾ ਸੀ। ਆਮ ਤੌਰ ਤੇ ਰਿਸ਼ਤੇਦਾਰ ਅਤੇ ਮਿੱਤਰ ਵਿਹਲੇ ਅਤੇ ਐਬੀ ਆਦਮੀ ਕੋਲ ਹੀ ਜ਼ਿਆਦਾ ਜਾਂਦੇ ਆਉਂਦੇ ਹਨ।

ਇਕ ਵਾਰ ਹਿੰਮਤ ਸਿੰਘ ਦੇ ਘਰ ਵਿਚ ਇਕ ਰਿਸ਼ਤੇਦਾਰ ਬਹੁਤ ਸਮੇਂ ਬਾਅਦ ਆਇਆ। ਤਾਂ ਹਿੰਮਤ ਸਿੰਘ ਦੇ ਘਰ ਵਾਲੀ ਨੇ ਹਿੰਮਤ ਸਿੰਘ ਨੂੰ ਘਰ



ਆਉਣ ਬਾਰੇ ਕਿਹਾ। ਪਰ ਹਿੰਮਤ ਸਿੰਘ ਨੇ ਜੁਆਬ ਵਿਚ ਆਪਣੀ ਘਰ ਵਾਲੀ ਨੂੰ ਕਿਹਾ ਕਿ ਇਨ੍ਹਾਂ ਨੂੰ ਖੇਤ ਹੀ ਭੇਜ ਦੇਵੋ ਮੈਂ ਖੇਤ ਵਿਚ ਆਪਣੇ ਕੰਮ ਵਿਚ ਲੱਗਿਆ ਹੋਇਆ ਹਾਂ ਅਤੇ ਕਿਹਾ ਕਿ ਸਰਕਾਰੀ ਪਾਣੀ ਆਇਆ ਹੋਇਆ ਹੈ। ਫਿਰ ਪਾਣੀ ਦੀ ਵਾਰੀ ਇਕ ਹਫ਼ਤੇ ਤੱਕ ਆਵੇਗੀ। ਹਿੰਮਤ ਸਿੰਘ ਦੀ ਪਤਨੀ ਵੀ ਬਹੁਤ ਮਿਹਨਤੀ ਅਤੇ ਕਹਿਣਾ ਮੰਨਣ ਵਾਲੀ ਸੀ। ਹਿੰਮਤ ਸਿੰਘ ਦੀ ਘਰਵਾਲੀ ਨੇ ਰਿਸ਼ਤੇਦਾਰ ਨੂੰ ਖੇਤ ਭੇਜ ਦਿੱਤਾ ਅਤੇ ਉਸ ਦੀ ਘਰਵਾਲੀ ਨੂੰ ਆਪ ਅਟੈਂਡ ਕੀਤਾ ਅਤੇ ਆਉ ਭਗਤ ਕੀਤੀ। ਹਿੰਮਤ ਸਿੰਘ ਦੇ ਰਿਸ਼ਤੇਦਾਰ ਨੇ ਸ਼ਾਮ ਜਿਹੇ ਹਿੰਮਤ ਸਿੰਘ ਤੋਂ ਸ਼ਰਾਬ ਦੀ ਮੰਗ ਕੀਤੀ ਤਾਂ ਹਿੰਮਤ ਸਿੰਘ ਨੇ ਫਿਲਟਰ ਪਾਣੀ ਦਾ ਗਲਾਸ ਭਰ ਕੇ ਅਤੇ ਨਾਲ 2-3 ਮੂਲੀਆਂ ਪੱਟ ਕੇ ਰਿਸ਼ਤੇਦਾਰ ਨੂੰ ਪਕੜਾ ਦਿੱਤਾ ਅਤੇ ਕਿਹਾ ਤੁਸੀਂ ਆਪਣੇ ਮੂੰਹ ਕੌੜਾ ਹੀ ਕਰਨਾ ਹੈ ਕੌੜਾ ਹੋ ਜਾਵੇਗਾ ਅਤੇ ਮੈਂ ਵੀ ਤੁਹਾਡੇ ਨਾਲ ਕੰਪਨੀ ਕਰਾਂਗਾ। ਇਹ ਸੁਣ ਕੇ ਉਸ ਦਾ ਰਿਸ਼ਤੇਦਾਰ ਬਹੁਤ ਹੱਸਿਆ। ਇਸ ਤਰ੍ਹਾਂ ਮਿਹਨਤ ਕਰਕੇ ਹਿੰਮਤ ਸਿੰਘ ਨੇ ਹੌਲੀ-ਹੌਲੀ ਜ਼ਮੀਨ ਖਰੀਦ ਲਈ।

ਹਿੰਮਤ ਸਿੰਘ ਦੇ ਬਹੁਤ ਸਮਾਂ ਪੁੱਤਰ ਨਹੀਂ ਹੋਇਆ। ਉਹ ਪੁੱਤਰ ਪ੍ਰਾਪਤੀ ਲਈ ਜਿਥੇ ਵੀ ਕੋਈ ਜਾਣ ਨੂੰ ਕਹਿੰਦਾ ਜਾਂਦਾ ਸੀ। ਜੋ ਕੋਈ ਦਵਾਈ ਕਹਿੰਦਾ ਉਸ ਦਾ ਪ੍ਰਯੋਗ ਕਰਦਾ ਸੀ। ਪਰ ਇਹ ਸਭ ਪਰਮਾਤਮਾ ਦੇ ਹੱਥ ਵਿਚ ਹੁੰਦਾ ਹੈ। ਪਰਮਾਤਮਾ ਕਿਸੇ ਦੀਆਂ ਪੁੱਤਰਾਂ ਨਾਲ ਝੋਲੀਆਂ ਭਰ ਦਿੰਦਾ ਹੈ ਕਿਸੇ ਦੀਆਂ ਝੋਲੀਆਂ ਖਾਲੀ ਹੀ ਰਹਿੰਦੀਆਂ ਹਨ। ਕੁਝ ਸਮੇਂ ਬਾਅਦ ਹਿੰਮਤ ਸਿੰਘ ਦੇ ਇਕ ਪੁੱਤਰ ਹੋਇਆ। ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਪੁੱਤਰ ਬੜੇ ਹੀ ਚਾਅ ਲਾਡ ਨਾਲ ਪਾਲਿਆ ਗਿਆ। ਫਿਰ ਉਸ ਨੂੰ ਸਕੂਲ ਪੜ੍ਹਨੇ ਪਾਇਆ ਗਿਆ। ਹਿੰਮਤ ਸਿੰਘ ਦੀ ਇੱਛਾ ਸੀ ਕਿ ਆਪਣੇ ਪੁੱਤਰ ਨੂੰ ਆਪਣੇ ਕੰਮ ਕਾਰ ਵਿਚ ਹੀ ਪਾ ਲਵਾਂ। ਮੇਰਾ ਸਾਰਾ ਕੰਮ ਸੰਭਾਲ ਲਵੇਗਾ। ਬਹੁਤ ਸਮੇਂ ਪਿੱਛੋਂ ਪੁੱਤਰ ਹੋਣ ਕਾਰਨ ਉਸ ਦਾ ਨਾਮ ਅਨਮੋਲ ਰੱਖ ਦਿੱਤਾ। ਹਿੰਮਤ ਸਿੰਘ ਆਪਣੇ ਅਨਮੋਲ ਨੂੰ ਆਪਣੇ ਸਾਰੇ ਕੰਮ ਕਰਨ ਦੇ ਢੰਗ ਅਤੇ ਤੌਰ-ਤਰੀਕੇ ਸਮਝਾਉਂਦਾ ਰਹਿੰਦਾ।

ਹਿੰਮਤ ਸਿੰਘ ਕੋਲ ਮਿਹਨਤ ਕਰਨ ਨਾਲ ਜ਼ਮੀਨ ਕਾਫੀ ਤਦਾਦ ਵਿਚ

ਹੋ ਗਈ। ਉਹ ਰੁਪਏ ਵੀ ਵਿਆਜ ਤੇ ਦੇਣ ਲੱਗ ਪਿਆ। ਉਹ ਵਿਆਜ ਤੇ ਰੁਪਏ ਦੇਣ ਵਿਚ ਏਨਾ ਕੋਰਾ ਸੀ ਕਿ ਸੋਨਾ ਗਿਰਵੀ ਰਖਵਾ ਕੇ ਰੁਪਏ ਵਿਆਜ ਤੇ ਦਿੰਦਾ ਸੀ। ਇਕ ਉਸ ਦਾ ਤਰੀਕਾ ਇਹ ਵੀ ਬਹੁਤ ਵਧੀਆ ਸੀ ਅਗਰ ਕੋਈ ਰੁਪਏ ਲੈਣ ਆਉਂਦਾ ਤਾਂ ਹਿੰਮਤ ਸਿੰਘ ਉਸ ਦੇ ਦੋ ਚਾਰ ਚੱਕਰ ਲਵਾਉਂਦਾ ਸੀ ਤਾਂਕਿ ਉਸ ਨੂੰ ਪੈਸੇ ਦੀ ਕਦਰ ਪਤਾ ਲੱਗ ਜਾਵੇ। ਜਾਂ ਉਹ ਇੰਝ ਕਰਦਾ ਸੀ ਕਿ ਜਦੋਂ ਕੋਈ ਵਿਆਜ ਤੇ ਰੁਪਏ ਲੈਣ ਆਉਂਦਾ ਸੀ ਉਹ ਉਸ ਦੀ ਜੁੱਤੀ ਵਿਚ 5-7 ਦਾਣੇ ਛੋਲਿਆਂ ਦੇ ਸੁੱਟਵਾ ਦਿੰਦਾ ਸੀ। ਅਤੇ ਕਰਜ਼ਾ ਲੈਣ ਵਾਲੇ ਵਿਅਕਤੀ ਨੂੰ ਵਾਪਸ ਜਾਂਦੇ ਨੂੰ ਦੇਖਦਾ ਜਾਂਦਾ ਸੀ। ਅਗਰ ਕਰਜ਼ੇਦਾਰ ਵਾਪਸ ਜਾਂਦਾ ਹੋਇਆ ਥੋੜ੍ਹੀ ਦੂਰ ਜਾ ਕੇ ਜੁੱਤੀ ਝਾੜ ਲੈਂਦਾ ਸੀ ਹਿੰਮਤ ਸਿੰਘ ਉਸ ਨੂੰ ਦੂਸਰੇ ਗੇੜੇ ਵਿਚ ਪੈਸੇ ਦੇਣ ਲਈ ਮੰਨ ਜਾਂਦਾਸ ੀਿ ਕਉਿੰਕਿ ਹੰਮਤਿ ਸੰਘਸ ੋਚਦਾਸ ੀਿ ਕਿ ਜਸਤ ਰ੍ਹਾਂ ਇਸ ਵਿਅਕਤੀ ਨੇ ਛੋਲੇ ਪੈਰ ਵਿਚ ਚੁੱਭਣ ਕਰਕੇ ਜੁੱਤੀ ਝਾੜ ਦਿੱਤੀ ਉਸੇ ਤਰ੍ਹਾਂ ਹੀ ਇਹ ਵਿਅਕਤੀ ਮੇਰੇ ਪੈਸੇ ਅਤੇ ਵਿਆਜ਼ ਮਨ ਵਿਚ ਚੁੱਭੇਗਾ ਅਤੇ ਜਲਦੀ ਵਾਪਸ ਕਰ ਦੇਵੇਗਾ। ਅਤੇ ਜੋ ਵਿਅਕਤੀ ਉਸੇ ਤਰ੍ਹਾਂ ਹੀ ਛੋਲਿਆਂ ਦੇ ਦਾਣਿਆਂ ਸਮੇਤ ਜੁੱਤੀ ਪਾ ਕੇ ਚਲਾ ਜਾਂਦਾ ਸੀ ਉਸ ਨੂੰ ਕੋਈ ਬਹਾਨਾ ਲਗਾ ਦਿੰਦਾ ਸੀ।

ਹਿੰਮਤ ਸਿੰਘ ਦੇ ਖਾਸ ਦੋਸਤ ਕੇਹਰ ਸਿੰਘ ਦਾ ਲੜਕਾ ਵਧੀਆ ਨੰਬਰਾਂ ਵਿਚ ਬੀ.ਏ. ਪਾਸ ਕਰ ਗਿਆ। ਉਹ ਜਲਦੀ ਹੀ ਲੱਡੂਆਂ ਦਾ ਡੱਬਾ ਲੈ ਕੇ ਕਿਸੇ ਰਾਜਨੀਤਕ ਲੀਡਰ ਕੋਲ ਗਿਆ। ਰਾਜਨੀਤਕ ਲੀਡਰ ਦੇ ਪੀ.ਏ. ਨੇ ਕੇਹਰ ਸਿੰਘ ਨੂੰ ਪਾਸ ਹੋਣ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਲੱਡੂ ਦੂਸਰੇ ਵੀ ਚਾਹੀਦੇ ਹਨ ਫਿਰ ਹੀ ਮੁੰਡੇ ਨੂੰ ਕੋਈ ਨੌਕਰੀ ਵਿਚ ਐਡਜਸਟ ਕਰਾਂਵਾਂਗੇ। ਜੈਕ ਅਤੇ ਚੈਕ ਜ਼ਰੂਰੀ ਹੈ ਹਿੰਟ ਦੇ ਦਿੱਤਾ। ਕੇਹਰ ਸਿੰਘ ਨੇ ਜਾ ਕੇ ਆਪਣੀ ਘਰਵਾਲੀ ਨੂੰ ਕਿਹਾ ਕਿ ਉਹ ਤਾਂ ਜੈਕ ਅਤੇ ਚੈਕ ਮੰਗਦੇ ਹਨ। ਤਾਂ ਅਨਪੜ੍ਹਤਾ ਕਾਰਨ ਕੇਹਰ ਸਿੰਘ ਦੀ ਘਰਵਾਲੀ ਨੇ ਕੇਹਰ ਸਿੰਘ ਨੂੰ ਖੁਸ਼ ਹੋ ਕੇ ਕਿਹਾ ਕਿ ਇਹ ਤਾਂ ਦੋਨੋਂ ਚੀਜ਼ਾਂ ਮੇਰੀਆਂ ਸਾਂਭ ਕੇ ਰੱਖੀਆਂ ਹੋਈਆਂ ਹਨ। ਅਤੇ ਕਹਿਣ ਲੱਗੀ ਹੇ ਰੱਬਾ ਮੈਂ ਇਹ ਸਾਂਭ ਕੇ ਰੱਖ ਲਈਆਂ ਕਿਸੇ ਨੂੰ ਵਜਨ ਵਿਚ ਨਹੀਂ ਵੇਚੀਆਂ। ਉਹ ਫੱਟ ਪੌੜੀ ਲਾ ਕੇ ਇਕ ਛੋਟੇ ਜਿਹੇ ਦਬਕੇ (ਪੜਸੱਤੀ) ਵਿਚ ਚੜ੍ਹੀ ਅਤੇ ਬਹੁਤ ਪੁਰਾਣਾ ਜੈਕ ਲੈ ਆਈ। ਇਕ ਬੈਂਕ ਖਾਤਾ ਕੈਂਸਲ ਦੀ ਬਹੁਤ ਪੁਰਾਣੀ ਚੈਕ ਬੁੱਕ ਲੈ ਆਈ। ਕੇਹਰ ਸਿੰਘ ਨੂੰ ਕਿਹਾ ਕਿ ਸਾਰੀ ਚੈਕ ਬੁੱਕ ਹੀ ਦੇ ਦੇਵੀ ਸ਼ਾਇਦ ਕੋਈ ਵੱਡਾ ਅਫ਼ਸਰ ਲਾ ਦੇਵੇਗਾ। ਕੇਹਰ ਸਿੰਘ ਜਲਦੀ-ਜਲਦੀ ਪੀ.ਏ. ਸਾਹਿਬ ਕੋਲ ਗਿਆ ਅਤੇ ਜੈਕ ਅਤੇ ਚੈਕ ਬੁਕ ਫੜਾਉਣ ਲੱਗਿਆ ਤਾਂ ਪੀ.ਏ. ਨੇ ਹੱਸ ਕੇ ਕਿਹਾ ਦੇਖੋ ਉਏ ਲੋਕੋ ਆਪਣੇ ਦੇਸ਼ ਵਿਚ ਕਿੰਨੀ ਅਨਪੜ੍ਹਤਾ ਹੈ ਮੈਂ ਤਾਂ ਚੈਕ ਭਾਵ ਨਗਦ ਰੁਪਏ ਦੀਆਂ ਗੁਟੀਆਂ ਕਿਹਾ ਸੀ ਇਹ ਕੋਈ ਸਦੀਆਂ ਪੁਰਾਣੀ ਚੈਕ ਬੁੱਕ ਲੈ ਆਇਆ ਮੈਂ ਕੇਹਰ ਸਿੰਘ ਨੂੰ ਕਿਹਾ ਸੀ ਕਿ ਪੈਸੇ ਨਾਲ ਐਮ.ਐਲ.ਏ. ਸਾਹਿਬ ਦਾ ਜੈਕ ਮਤਲਬ ਸਿਫ਼ਾਰਸ਼ ਲਗ ਜਾਵੇਗੀ ਇਹ ਟਰਾਲੀ ਦਾ ਪੁਰਾਣਾ ਜੈਕ ਲੈ ਆਇਆ। ਇਹ ਸੁਣ ਕੇ ਕੇਹਰ ਸਿੰਘ ਵਾਪਸ ਆ ਗਿਆ। ਉਸ ਨੇ ਆਪਣੇ ਦੋਸਤ ਹਿੰਮਤ ਸਿੰਘ ਕੋਲੋਂ ਰੁਪਇਆਂ ਦੀ ਮੰਗ ਕੀਤੀ। ਹਿੰਮਤ ਸਿੰਘ ਨੇ ਕਿਹਾ ਕਿ ਮੈਂ ਸੋਨੇ ਤੋਂ ਬਗੈਰ ਵਿਆਜ਼ ਤੇ ਰੁਪਏ ਦੇਣ ਦਾ ਕੰਮ ਨਹੀਂ ਕਰਦਾ। ਤੂੰ ਮੇਰਾ ਦੋਸਤ ਹੋਣ ਦੇ ਨਾਤੇ ਮੈਂ ਹੋਰਾਂ ਲੋਕਾਂ ਤੋਂ ਸੋਨੇ ਦੀ ਕੀਮਤ ਦਾ 65% ਰੁਪਇਆ ਦਿੰਦਾ ਹਾਂ ਮੈਂ ਮੈਨੂੰ ਸੋਨੇ ਦੀ ਕੀਮਤ ਦਾ 80% ਦੇ ਦੇਵਾਂਗਾ। ਇਸ ਤੋਂ ਇਲਾਵਾ ਥੋੜ੍ਹਾ ਬਹੁਤਾ ਰੁਪਏ ਵਾਪਸ ਕਰਨ ਵੇਲੇ ਵਿਆਜ਼ ਵਿਚੋਂ ਵੀ ਛੋਟ ਦੇ ਦੇਵਾਂਗਾ। ਨਾਲ ਇਹ ਵੀ ਕਿਹਾ ਕਿ ਪੰਜੇ ਉਂਗਲਾਂ ਕਿਸੇ ਵੀ ਕੈਟਾਗਿਰੀ ਵਿਚ ਇਕ ਸਾਰ ਨਹੀਂ ਹੁੰਦੀਆਂ। ਸਾਰੇ ਰਾਜਨੀਤਕ ਚੰਗੇ ਨਹੀਂ ਹੁੰਦਾ ਅਤੇ ਨਾ ਹੀ ਸਾਰੇ ਮਾੜੇ ਹੁੰਦੇ ਹਨ। ਇਸ ਲਈ ਮੇਰੀ ਗੱਲ ਕੰਨ ਖੋਲ ਕੇ ਸੁਣ ਲੈ ਰਾਜਨੀਤਕ ਲੀਡਰ ਅਤੇ ਸ਼ਰਾਬੀ ਦਾ ਕਿਤੇ ਵੀ ਵਿਸਵਾਸ਼ ਨਾ ਕਰੀਂ।ਿ ਕਉਿੰਕਿਰ ਾਜਨੀਤਕਲ ੀਡਰਵ ੋਟਾਂਤ ੋਂਤ ਕਰੀਬਨ2 ਮ ਹੀਨੇ ਪਹਿਲਾਂ ਹੱਥ ਜੋੜਦੇ ਹਨ ਅਤੇ ਚੋਣ ਜਿੱਤਣ ਤੋਂ ਬਾਅਦ 4 ਸਾਲ 10 ਮਹੀਨੇ ਆਪਣੇ ਹੱਥ ਤੋੜਦੇ ਹਨ ਅਤੇ ਫੇਰ ਈਦ ਦਾ ਚੰਦ ਬਣ ਜਾਂਦੇ ਹਨ। ਇਸ ਤਰ੍ਹਾਂ ਸ਼ਰਾਬੀ ਨੂੰ ਜਦੋਂ ਸ਼ਰਾਬ ਰਾਤ ਨੂੰ ਚੜ੍ਹ ਜਾਂਦੀ ਹੈ ਤਾਂ ਹਵਾਈ ਮਹੱਲ ਬਣਾ ਦਿੰਦਾ ਹੈ ਅਤੇ ਸਵੇਰੇ ਜਦੋਂ ਸ਼ਰਾਬੀ ਦੀ ਸ਼ਰਾਬ ਉਤਰਦੀ ਹੈ ਤਾਂ ਇਕ ਮੁੱਠੀ ਮਿੱਟੀ ਦੀ ਢੇਰੀ ਨਹੀਂ ਲਾ ਸਕਦਾ।

ਹਿੰਮਤ ਸਿੰਘ ਕਾਫੀ ਜ਼ਮੀਨ ਦਾ ਮਾਲਕ ਬਣ ਗਿਆ। ਉਸ ਦੀ ਉਮਰ ਤਕਰੀਬਨ 70 ਸਾਲ ਤੋਂ ਉਪਰ ਹੋਣ ਲੱਗੀ। ਉਸ ਦਾ ਸਰੀਰ ਕੰਮ ਘੱਟ ਕਰਨ ਲੱਗ ਪਿਆ। ਆਪਣੇ ਪੁੱਤਰ ਨੂੰ ਹੋਰ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਤਾਂ ਕਿ ਮੇਰੇ ਤੋਂ ਪਿੱਛੋਂ ਮੇਰੀ ਜਾਇਦਾਦ ਨੂੰ ਹੋਰ ਵਧਾਵੇ। ਇਕ ਦਿਨ ਹਿੰਮਤ ਸਿੰਘ ਬੀਮਾਰ ਹੋ ਗਿਆ। ਉਸ ਨੂੰ ਹੁਣ ਬਹੁਤ ਚਿਰ ਜਿਊਂਦੇ ਰਹਿਣ ਦੀ ਉਮੀਦ ਘੱਟ ਗਈ ਸੀ। ਉਹ ਆਪਣੇ ਪੁੱਤਰ ਨੂੰ ਆਪਣੇ ਪੁੱਤਰ ਦੇ ਸਾਰੇ ਦੋਸਤਾਂ ਤੋਂ ਅਮੀਰ ਬਣਾਉਣਾ ਚਾਹੁੰਦਾ ਸੀ। ਇਕ ਦਿਨ ਜਦੋਂ ਹਿੰਮਤ ਸਿੰਘ ਆਖਰੀ ਸਾਹ ਤੇ ਆ ਗਿਆ ਤਾਂ ਉਸ ਨੇ ਆਪਣੇ ਪੁੱਤਰ ਨੂੰ ਬੁਲਾਇਆ। ਪੁੱਤਰ ਨਾਲ ਹੀ ਉਸ ਦੇ ਦੋਸਤ ਹਿੰਮਤ ਸਿੰਘ ਕੋਲ ਆ ਗਏ। ਹਿੰਮਤ ਸਿੰਘ ਨੇ ਸੋਚਿਆ ਕਿ ਮੇਰਾ ਲੜਕਾ ਬਹੁਤ ਸਮਝਦਾਰ ਹੈ ਉਹ ਜਲਦੀ ਹੀ ਮੇਰੇ ਕੋਡ ਵਰਡ (Code Word) ਸਮਝ ਲਵੇਗਾ ਅਤੇ ਦੂਸਰੇ ਦੋਸਤਾਂ ਦੇ ਸਮਝ ਨਹੀਂ ਆਵੇਗਾ। ਹਿੰਮਤ ਸਿੰਘ ਆਪਣੇ ਪੁੱਤਰ ਨੂੰ ਚਾਹ Code Word ਦੀਆਂ ਲਾਈਨਾਂ ਦੱਸੀਆਂ।

ਪਹਿਲੀ ਗੱਲ ਤਾਂ ਇਹ ਹੈ ਕਿ ਅਨਮੋਲ ਤੂੰ ਆਪਣੇ ਖੇਤ ਵਿਚ ਛਾਂ ਵਿਚ ਜਾਣਾ ਹੈ ਅਤੇ ਛਾਂ ਵਿਚ ਹੀ ਸ਼ਾਮ ਨੂੰ ਆਉਣਾ ਹੈ।

ਦੂਸਰੀ ਇਹ ਗੱਲ ਕਹੀ ਕਿ ਜਿਸ ਕਿਸੇ ਨੂੰ ਤੂੰ ਰੁਪਏ ਦੇਵੇਂਗਾ ਉਸ ਤੋਂ ਦੁਬਾਰਾ ਨਹੀਂ ਮੰਗਣੇ।

ਤੀਜੀ ਗੱਲ ਇਹ ਦੱਸੀ ਕਿ ਤੂੰ ਆਪਣੀ ਵਹੁਟੀ ਅਤੇ ਬੱਚਿਆਂ ਨੂੰ ਪਿਆਰ ਨਾਲ ਰੱਖਣਾ ਹੈ। ਅਤੇ ਕਿਸੇ ਸਮੇਂ ਵਹੁਟੀ ਨੂੰ ਕੁਝ ਕਹਿਣਾ ਵੀ ਹੈ ਤਾਂ ਉਸ ਵੇਲੇ ਕਹੀ ਜਦੋਂ ਵਹੁਟੀ ਦੇ ਜੂੜ ਪਿਆ ਹੋਵੇ ਚੋਥੀ ਗੱਲ ਰੋਟੀ ਨੂੰ ਕੜਾਹ ਬਣਾ ਕੇ ਖਾਣਾ ਹੈ।

ਇਹ ਚਾਰੇ ਗੱਲਾਂ ਅਨਮੋਲ ਨੂੰ ਸਮਝਾਉਣ ਤੋਂ ਤਕਰੀਬਨ 2 ਘੰਟੇ ਬਾਅਦ ਹਿੰਮਤ ਸਿੰਘ ਦਮ ਤੋੜ ਗਿਆ।

ਪਿਤਾ ਦੀ ਮੌਤ ਤੋਂ ਬਾਅਦ ਅਨਮੋਲ ਦਾ ਕੰਮ ਕਰਨ ਨੂੰ ਹੀ ਦਿਲ ਨਹੀਂ ਕੀਤਾ ਕਿਉਂਕਿ ਪਿਤਾ ਜੀ ਦਾ ਉਸ ਨੂੰ ਬਹੁਤ ਸਹਾਰਾ ਸੀ। ਉਸ ਨੂੰ ਪਿਤਾ ਜੀ ਹੁੰਦੇ ਕੋਈ ਫਿਕਰ ਸੀ ਹੁਣ ਸਾਰੀਆਂ ਜ਼ੁੰਮੇਵਾਰੀਆਂ ਅਨਮੋਲ ਦੇ ਗਲ ਪੈ ਗਈਆਂ ਸਨ। ਪਰ ਹਰੇਕ ਇਨਸਾਨ ਨੂੰ ਪਤਾ ਹੈ ਕਿ ਕੰਮ ਕਰੇ ਬਗੈਰ ਸਰਦਾ ਨਹੀਂ ਅਤੇ ਨਾ ਹੀ ਟਾਈਮ ਪਾਸ ਹੁੰਦਾ ਹੈ। ਤਕਰੀਬਨ ਦੋ ਮਹੀਨੇ ਬਾਅਦ ਅਨਮੋਲ ਨੇ ਖੇਤ ਜਾਣਾ ਸ਼ੁਰੂ ਕੀਤਾ। ਉਸ ਨੇ ਆਪਣੇ ਪਿਤਾ ਜੀ ਦੀਆਂ ਕਹੀਆਂ ਗੱਲਾਂ ਤੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲਾਂ ਪਹਿਲੀ ਗੱਲ ਤੇ ਵਿਚਾਰ ਕੀਤਾ ਕਿ ਛਾਵੇਂ ਖੇਤ ਜਾਣਾ ਹੈ ਅਤੇ ਛਾਵੇਂ ਖੇਤ ਤੋਂ ਆਉਣਾ ਹੈ। ਅਨਮੋਲ ਨੇ ਸੋਚਿਆ ਕਿ

ਜ਼ਿਆਦਾ ਧੁੱਪ ਹੋਣ ਕਰਕੇ ਪਿਤਾ ਜੀ ਨੇ ਕਿਹਾ ਹੈ ਉਸ ਨੇ ਘਰ ਤੋਂ ਲੈ ਕੇ ਖੇਤ ਜਾਣ ਤੱਕ ਟੈਂਟ ਲਗਾ ਦਿੱਤੇ ਤਾਂਕਿ ਧੁੱਪ ਨਾ ਲੱਗੇ। ਟੈਂਟ ਇੰਨੇ ਖਰੀਦੇ ਕਿ ਸ਼ਹਿਰ ਦੀਆਂ 2 ਤਿੰਨ ਦੁਕਾਨਾਂ ਖਾਲੀ ਕਰ ਦਿੱਤੀਆਂ। ਬਹੁਤ ਰੁਪਏ ਖਰਚ ਕਰ ਦਿੱਤੇ। ਆਪਣੀ ਮਰਜ਼ੀ ਨਾਲ ਟੈਂਟਾਂ ਦੇ ਹੇਠਾਂ ਛਾਵੇਂ-ਛਾਵੇਂ ਲੇਟ ਜਾਣ ਲੱਗਾ ਅਤੇ ਖੇਤ ਤੋਂ ਟੈਂਟਾਂ ਦੇ ਛਾਵੇਂ-ਛਾਵੇਂ 4-5 ਵਜੇ ਵਾਪਸ ਆਉਣ ਲੱਗਾ। ਖੇਤ ਦੀ ਨਿਗਰਾਨੀ ਵਾਸਤੇ ਨੌਕਰ ਵੀ ਰੱਖ ਲਿਆ।

ਦੂਸਰੀ ਗੱਲ ਤੇ ਵਿਚਾਰ ਕੀਤਾ ਕਿ ਪਿਤਾ ਜੀ ਨੇ ਕਿਹਾ ਸੀ ਕਿ ਜਿਸ ਕਿਸੇ ਨੂੰ ਰੁਪਏ ਦੇਣੇ ਉਸ ਤੋਂ ਨਹੀਂ ਮੰਗਣੇ। ਅਨਮੋਲ ਨੇ ਜਿੰਨਾ ਕੈਸ਼ ਪਿਆ ਸੀ ਉਹ ਜੋ ਕੋਈ ਮਿੱਤਰ ਦੋਸਤ ਜਾਂ ਕੋਈ ਰਿਸ਼ਤੇਦਾਰ ਨੇ ਮੰਗਿਆ ਦੇ ਦਿੱਤਾ ਮੁੜ ਕੇ ਕਿਸੇ ਤੋਂ ਨਹੀਂ ਮੰਗਿਆ। ਇਸ ਤਰ੍ਹਾਂ ਸਾਰਾ ਰੁਪਿਆ ਖਤਮ ਹੋ ਗਿਆ।

ਤੀਜੀ ਗੱਲ ਤੇ ਵਿਚਾਰ ਕੀਤਾ ਕਿ ਵਹੁਟੀ ਅਤੇ ਬੱਚੇ ਨੂੰ ਪਿਆਰ ਨਾਲ ਰੱਖਣਾ ਪਰ ਜੇ ਕਿਸੇ ਸਮੇਂ ਵਹੁਟੀ ਨੂੰ ਕੁਝ ਕਹਿਣਾ ਤਾਂ ਉਸ ਵੇਲੇ ਕਹਿਣਾ ਜਦੋਂ ਜੂੜ ਪਿਆ ਹੋਵੇ। ਅਨਮੋਲ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ ਸੀ। ਉਹ ਖੇਤ ਵਿਚ ਨੌਕਰ ਰੱਖਣ ਕਰਕੇ ਘੱਟ ਹੀ ਖੇਤ ਜਾਂਦਾ ਸੀ। ਸਾਰਾ ਦਿਨ ਘਰੇ ਰਹਿੰਦਾ ਅਤੇ ਸ਼ਰਾਬ ਪੀ ਕੇ ਘਰ ਵਾਲੀ ਨਾਲ ਛੋਟੀ ਜਿਹੀ ਨੁਕਤਾਚੀਨੀ ਤੇ ਲੜ ਪੈਂਦਾ ਅਤੇ ਘਰ ਵਾਲੀ ਦੀਆਂ ਲੱਤਾਂ ਵਿਚ ਜੂੜ ਪਾ ਕੇ ਕੁੱਟਦਾ ਰਹਿੰਦਾ। ਜਦੋਂ ਘਰ ਵਾਲੀ ਨਾਲ ਕਲੇਸ਼ ਰੱਖਣ ਲੱਗ ਪਿਆ ਤਾਂ ਘਰ ਵਾਲੀ ਉਸ ਨੂੰ ਛੱਡ ਕੇ ਬੱਚਿਆਂ ਨੂੰ ਨਾਲ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਫਿਰ ਘਰ ਇਕੱਲੇ ਮਾਂ ਪੁੱਤ ਰਹਿਣ ਲੱਗੇ।

ਚੌਥੀ ਗੱਲ ਤੇ ਵਿਚਾਰ ਕੀਤਾ ਕਿ ਪਿਤਾ ਜੀ ਨੇ ਰੋਟੀ ਨੂੰ ਕੜਾਹ ਬਣਾ ਕੇ ਖਾਣ ਨੂੰ ਕਿਹਾ ਹੈ। ਅਨਮੋਲ ਚੁੱਲ੍ਹੇ ਉੱਪਰ ਕੜਾਹੀ ਰੱਖ ਲੈਂਦਾ ਉਸ ਵਿਚ ਪਾਣੀ ਪਾ ਲੈਂਦਾ ਅਤੇ ਜਦੋਂ ਪਾਣੀ ਗਰਮ ਹੋ ਜਾਂਦਾ ਉਸ ਵਿਚ ਰੋਟੀ ਦੇ ਟੁਕੜੇ ਸੁੱਟ ਕੇ ਖੁਰਚਣਾ ਫੇਰ ਦਿੰਦਾ। ਇਸ ਤਰ੍ਹਾਂ ਰੋਟੀ ਬਿਲਕੁਲ ਭਿੱਜ ਕੇ ਲੇਵੀ ਵਰਗੀ ਬਣ ਜਾਂਦੀ ਅਤੇ ਮੂੰਹ 'ਚੋਂ ਅੱਗੇ ਨਹੀਂ ਜਾਂਦੀ ਸੀ। ਰੋਟੀ ਦੇ ਬੁਰਕੀ ਮੂੰਹ ਵਿਚ ਹੀ ਗੇੜੇ ਦੇਣ ਲੱਗ ਜਾਂਦੀ ਸੀ। ਇਸ ਤਰ੍ਹਾਂ ਅੱਧ ਭੁੱਖੇ ਰਹਿ ਕੇ ਹੀ ਗੁਜ਼ਾਰਾ ਕਰਨਾ ਪਿਆ।

ਜਦੋਂ ਅਨਮੋਲ ਨੇ ਖੇਤ ਜਾਣਾ ਛੱਡ ਦਿੱਤਾ ਅਤੇ ਨੌਕਰ ਦੇ ਸਹਾਰੇ ਖੇਤ ਛੱਡ ਦਿੱਤਾ ਤਾਂ ਨੌਕਰ ਦੇ ਦਿਲ ਵਿਚ ਵੀ ਬੇਈਮਾਨੀ ਆਉਣੀ ਸ਼ੁਰੂ ਹੋ ਗਈ। ਉਹ ਅਨਮੋਲ ਦੇ ਖੇਤ ਵਿਚ ਰੇਹ ਵਗੈਰਾ ਪਾਉਣ ਦੀ ਥਾਂ ਆਪਣੀ ਠੇਕੇ ਤੇ ਲਏ ਜ਼ਮੀਨ ਵਿਚ ਪਾਉਣ ਲੱਗਿਆ। ਇਸ ਤਰ੍ਹਾਂ ਜ਼ਮੀਨ ਵੀ ਵਿਕਣੀ ਸ਼ੁਰੂ ਹੋ ਗਈ। ਅਨਮੋਲ ਦੇ ਦੋਸਤ ਆਪਣੇ ਹੀ ਹਿਸਾਬ ਨਾਲ ਕੰਮ ਕਰਦੇ ਰਹੇ ਅਤੇ ਉਹ ਅਮੀਰ ਬਣਦੇ ਗਏ। ਹੌਲੀ-ਹੌਲੀ ਉਸ ਦੇ ਖਾਸ ਦੋਸਤ ਵੀ ਅਨਮੋਲ ਦਾ ਸਾਥ ਛੱਡ ਗਏ।

ਇਕ ਦਿਨ ਅਨਮੋਲ ਘਰ ਵਿਚ ਉਦਾਸ ਬੈਠਾ ਸੀ। ਉਸ ਦੇ ਪਿੰਡ ਤੋਂ ਕੁਝ ਦੂਰ ਇਕ ਡੇਰਾ ਸੀ ਜਿਸ ਦਾ ਨਾਂ 'ਅਸ਼ੀਰਵਾਦ' ਡੇਰਾ ਸੀ। ਉਥੇ ਜਾਣ ਨਾਲ ਮਨ ਨੂੰ ਸੰਤੁਸ਼ਟੀ ਮਿਲਦੀ ਸੀ। ਅਨਮੋਲ ਡੇਰੇ ਵਿਚ ਚਲਾ ਗਿਆ।

ਡੇਰੇ ਦੀ ਦੀਵਾਰ ਤੇ ਲਿਖਿਆ ਹੋਇਆ ਸੀ
ਸ਼ਰਾਬ ਪੀਣੀ ਛੱਡ ਤੇ ਲਾ ਠੇਕਿਆਂ ਨੂੰ ਅੱਗ
ਭਨ ਦੇ ਮੱਟ ਸ਼ਰਾਬ ਦੇ ਚਰਨ ਗੁਰਾਂ ਦੇ ਲੱਗ
ਦੂਜਾ ਬਾਬੂ ਠੇਕੇ ਬੀਵੀ ਪੇਕੇ।

ਇਕ ਦੀਵਾਰ ਤੇ ਸਾਰਿਆਂ ਨੂੰ ਅਸ਼ੀਰਵਾਦ ਲਿਖਿਆ ਹੋਇਆ ਸੀ। ਇਹ ਕਿ

1. ਰਾਮ ਰਾਮ ਜਾਣੀਏ ਖੁਸ਼ ਰਹਿਣ ਬਾਣੀਏ (ਵਣਜ ਵਪਾਰ ਕਰਨ ਵਾਲੇ)

ਬਾਣੀਆ ਦੀ ਹੱਟ ਖੁਸ਼ ਰਹਿਣ ਜੱਟ (ਜ਼ਮੀਨ ਵਾਲੇ ਜ਼ਿੰਮੀਦਾਰ)
ਜੱਟਾਂ ਦੀ ਕਮਾਈ ਖੁਸ਼ ਰਹਿਣ ਹਲਵਾਈ
ਹਲਵਾਈਆਂ ਦੀ ਗੁਲਾਬ ਜਾਮੁਣ, ਖੁਸ਼ ਰਹਿਣ ਬ੍ਰਾਹਮਣ
ਬ੍ਰਾਹਮਣਾਂ ਦੀ ਪੱਤਰੀ, ਖੁਸ਼ ਰਹਿਣ ਖੱਤਰੀ
ਖੱਤਰੀਆਂ ਦੀ ਆਣ ਖੁਸ਼ ਰਹਿਣ ਮਿਸਤਰੀ ਮਜ਼ਦੂਰ ਤਰਖਾਣ
ਤਰਖਾਣਾਂ ਦੇ ਆਰੇ, ਖੁਸ਼ ਰਹਿਣ ਸਾਰੇ

2. ਵਿਅਕਤੀ ਨੂੰ ਕਦੇ ਵੀ ਆਲਸੀ ਨਹੀਂ ਬਨਣਾ ਚਾਹੀਦਾ। ਆਪਣੇ ਕੰਮ ਵਿਚ ਚੁਸਤ ਰਹਿਣਾ ਚਾਹੀਦਾ ਹੈ। ਇਕ ਵਾਰ ਭਗਵਾਨ ਜੀ ਇਕ ਆਲਸੀ ਨੂੰ ਕਿਹਾ ਕਿ ਤੂੰ ਕੁਝ ਵੀ ਮੰਗ ਲੈ ਮੈਂ ਤੈਨੂੰ ਦੇਵਾਂਗਾ। ਭਗਵਾਨ ਜੀ ਨੇ ਉਸ ਨੂੰ ਟੈਲੀਵਿਜ਼ਨ, ਫਰਿਜ਼, ਏ.ਸੀ., ਹੋਰ ਜ਼ਰੂਰੀ ਵਸਤਾਂ ਦੇ ਦਿੱਤੀਆਂ ਤਾਂ ਭਗਵਾਨ ਜੀ ਨੇ ਆਲਸੀ ਨੂੰ ਪੁੱਛਿਆ ਕਿ ਹੁਣ ਤੂੰ ਖੁਸ਼ ਐ ਤਾਂ ਆਲਸੀ ਨੇ ਕਿਹਾ ਭਗਵਾਨ ਜੀ ਇਨ੍ਹਾਂ ਚੀਜ਼ਾਂ ਨੂੰ ਚਲਾਉਣ ਲਈ ਸਵਿਚ ਆਨ ਕਰਨ ਲਈ ਮੈਨੂੰ ਇਕ ਬੰਦਾ ਵੀ ਦੇ ਦਿਉ। ਮੇਰੇ ਵਿਚ ਬਿਲਕੁਲ ਹਿੰਮਤ ਨਹੀਂ ਹੈ। ਸੋ ਵਿਅਕਤੀ ਨੂੰ ਏਨਾ ਆਲਸੀ ਨਹੀਂ ਬਣਨਾ ਚਾਹੀਦਾ। ਅਨਮੋਲ ਡੇਰੇ ਦੇ ਮਹੰਤ ਜੀ ਨੂੰ ਮਿਲਿਆ ਅਤੇ ਸਾਰਾ ਦੁਖ ਦੱਸਿਆ ਅਤੇ ਆਪਣੇ ਪਿਤਾ ਦੀਆਂ ਦੱਸੀਆਂ ਚਾਰ ਗੱਲਾਂ ਬਾਰੇ ਵਿਚਾਰ ਕੀਤਾ।

ਡੇਰੇ ਦੇ ਮਹੰਤ ਬਹੁਤ ਹੀ ਸਮਝਦਾਰ ਸਨ। ਉਨ੍ਹਾਂ ਨੇ ਅਨਮੋਲ ਨੂੰ ਕਿਹਾ ਕਿ ਪਹਿਲੇ ਜੋ ਤੇਰੇ ਪਿਤਾ ਜੀ ਨੇ ਕਿਹਾ ਸੀ ਕਿ ਛਾਵੇਂ-ਛਾਵੇਂ ਖੇਤ ਜਾਈਂ ਅਤੇ ਛਾਵੇਂ-ਛਾਵੇਂ ਖੇਤ ਤੋਂ ਵਾਪਸ ਆਈਂ ਇਸ ਦਾ ਮਤਲਬ ਸੀ ਕਿ ਤੇਰੇ ਪਿਤਾ ਜੀ ਕਹਿਣਾ ਸੀ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਖੇਤ ਜਾਈਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਵਾਪਸ ਆਈ। ਤੂੰ ਤਰਪਾਲਾਂ ਤੇ ਹੀ ਬਹੁਤ ਜ਼ਿਆਦਾ ਫਜ਼ੂਲ ਖਰਚ ਕਰ ਦਿੱਤਾ।

ਦੂਸਰਾ ਤੇਰੇ ਪਿਤਾ ਜੀ ਨੇ ਕਿਹਾ ਕਿ ਜਿਸ ਕਿਸੇ ਨੂੰ ਰੁਪਏ ਦੇਣੇ ਉਸ ਤੋਂ ਵਾਪਸ ਨਾ ਮੰਗੀ। ਇਸ ਦਾ ਮਤਲਬ ਇਹ ਸੀ ਕਿ ਤੂੰ ਸੋਨਾ ਗਿਰਵੀ ਰੱਖ ਕੇ ਰੁਪਏ ਵਿਆਜ਼ ਤੇ ਦੇਵੀਂ ਸੋਨਾ ਗਿਰਵੀ ਰੱਖਣ ਵਾਲੇ ਆਪਣੇ ਆਪ ਆਪਣਾ ਸੋਨਾ ਵਾਪਸ ਕਰਾਉਣ ਲਈ ਤੇਰੇ ਰੁਪਏ ਵਿਆਜ਼ ਸਮੇਤ ਵਾਪਸ ਕਰਕੇ ਸੋਨਾ ਲੈ ਜਾਣਗੇ। ਤੂੰ ਸਾਰੇ ਰੁਪਏ ਮਿੱਤਰਾਂ ਦੋਸਤਾਂ ਰਿਸ਼ਤੇਦਾਰਾਂ ਨੂੰ ਦੇ ਕੇ ਮੁੜ ਕੇ ਦੁਬਾਰਾ ਨਹੀਂ ਮੰਗੇ। ਇਸ ਕਰਕੇ ਤੇਰੇ ਰੁਪਏ ਵਾਪਸ ਨਹੀਂ ਹੋਏ ਤੂੰ ਕੰਗਾਲ ਹੋ ਗਿਆ।

ਤੀਸਰੀ ਗੱਲ ਤੇਰੇ ਪਿਤਾ ਜੀ ਨੇ ਇਹ ਆਖੀ ਸੀ ਕਿ ਆਪਣੀ ਵਹੁਟੀ ਅਤੇ ਬੱਚਿਆਂ ਨੂੰ ਪਿਆਰ ਕਰੀਂ ਅਗਰ ਆਪਣੀ ਵਹੁਟੀ ਨੂੰ ਕਿਸੇ ਵੇਲੇ ਕੋਈ ਗਰਮ ਤੇਵਰ ਵਿਚ ਕਹਿਣੀ ਵੀ ਹੋਵੇ ਉਦੋਂ ਕਹੀ ਜਦ ਜੂੜ ਪਿਆ ਹੋਵੇ ਮਤਲਬ ਕਿ ਜਦ ਵਹੁਟੀ ਦੇ ਕੋਈ ਨਿੱਕਾ ਨਿਆਣਾ ਹੋਣ ਵਾਲਾ ਹੋਵੇ ਕਿਉਂਕਿ ਉਸ ਵੇਲੇ ਪਤਨੀ ਆਪਣੇ ਸਹੁਰੇ ਘਰ ਤੋਂ ਬਗੈਰ ਰੁਸ ਕੇ ਕਿਧਰੇ ਵੀ ਨਹੀਂ ਜਾਂਦੀ। ਤੂੰ ਐਵੇਂ ਹੀ ਜਦੋਂ ਦਿਲ ਕੀਤਾ ਸ਼ਰਾਬ ਪੀ ਕੇ ਵਹੁਟੀ ਨਾਲ ਲੜ ਪੈਂਦਾ ਸੀ ਇਸ ਕਰਕੇ ਉਹ ਆਪਣੇ ਬੱਚਿਆਂ ਸਮੇਤ ਪੇਕੇ ਚਲੀ ਗਈ। ਘਰ ਦੀ ਰੌਣਕ ਘੱਟ ਗਈ। ਮਾਂ ਅਤੇ ਤੂੰ ਘਰ ਵਿਚ ਇਕੱਲੇ ਰਹਿ ਗਏ।

ਚੌਥੀ ਗੱਲ ਜੋ ਤੇਰੇ ਪਿਤਾ ਜੀ ਨੇ ਕਿਹਾ ਕਿ ਰੋਟੀ ਨੂੰ ਕੜਾਹ ਬਣਾ ਕੇ ਖਾਵੀਂ। ਤੂੰ ਰੋਟੀ ਨੂੰ ਕੜਾਹੀ ਵਿਚ ਪਾਣੀ ਪਾ ਕੇ ਛੋਟੀਆਂ ਬੁਰਕੀਆਂ ਰੋਟੀ

ਦੀਆਂ ਬਣਾ ਕੇ ਉਸ ਨੂੰ ਚੁੱਲੇ ਤੇ ਗਰਮ ਕਰਕੇ ਲੇਟੀ ਬਣਾਉਣ ਲੱਗ ਪਿਆ ਅਤੇ ਰੋਟੀ ਵੀ ਅੰਦਰ ਨਾ ਜਾਣ ਕਰਕੇ ਪੇਟ ਭੁੱਖਾ ਰਹਿਣ ਲੱਗ ਪਿਆ। ਰੋਟੀ ਕੜਾਹ ਬਣਾ ਕੇ ਖਾਣ ਦਾ ਅਰਥ ਸੀ ਕਿ ਖਾਣਾ ਉਸ ਸਮੇਂ ਖਾਣਾ ਜਦੋਂ ਪੂਰੀ ਭੁੱਖ ਲੱਗੀ ਹੋਵੇ ਕਿਉਂਕਿ ਉਸ ਵੇਲੇ ਜੇਕਰ ਖਾਣਾ ਘੱਟ ਸਵਾਦ ਹੋਵੇ ਤਾਂ ਵੀ ਪੂਰਾ ਸਵਾਦ ਲੱਗੇਗਾ ਕਿਉਂਕਿ ਉਸ ਵੇਲੇ ਭੁੱਖ ਕਰਕੇ ਪੇਟ ਵਿਚ ਚੂਹੇ ਨੱਚਦੇ ਹਨ।



ਅਨਮੋਲ ਇਹ ਚਾਰੇ ਗੱਲਾਂ ਦਾ ਅਰਥ ਸਮਝ ਗਿਆ ਸੀ। ਸੰਤ ਜੀ ਨੇ ਉਸ ਨੂੰ ਬੜੇ ਹੀ ਸਰਲ ਤਰੀਕੇ ਨਾਲ ਸਮਝਾਇਆ। ਸੰਤ ਜੀ ਨੇ ਇਕ ਹੋਰ ਵੀ ਉਪਦੇਸ਼ ਦਿੱਤਾ ਕਿ ਆਪਣੇ ਕੰਮ ਦੀ ਪੂਰੀ ਗੋਰ ਰੱਖ। ਸੰਤ ਜੀ ਨੇ ਕਿਹਾ ਕਿ ਇਹ ਇਕ ਸਿਆਣਿਆਂ ਦੀ ਕਹਾਵਤ ਹੈ ਕਿ 'ਬਗਾਨੇ ਹੱਥ ਖੇਤੀ ਬਤੀਆਂ ਤੋਂ ਨਾ ਹੋਣ ਤੇਤੀ' ਅਗਰ ਤੂੰ ਆਪਣੇ ਕੰਮ ਵੱਲ ਧਿਆਨ ਨਹੀਂ ਦੇਵੇਂਗਾ ਤਾਂ ਹਰੇਕ ਆਦਮੀ ਧੋਖਾ ਕਰੇਗਾ। ਅੱਜ ਦੇ ਜ਼ਮਾਨੇ ਵਿਚ 5% ਵਫਾਦਾਰ ਅਤੇ 95% ਗੱਦਾਰ ਲੋਕ ਹਨ। ਆਪਣੇ ਪਰਿਵਾਰ ਅਤੇ ਆਪਣੇ ਪੇਟ ਭਰਨ ਬਾਰੇ ਹੀ ਸੋਚਦੇ ਹਨ ਸੋ ਵਗੈਰ ਗੋਰ ਤੋਂ

**ਗੱਦਾਰ ਲੀਡਰ ਖਾ ਜਾਂਦੇ ਦੇਸ਼ ਨੂੰ,**
**ਗੱਦਾਰ ਅਫ਼ਸਰ ਖਾ ਜਾਂਦੇ ਸਰਕਾਰਾਂ,**
**ਗੱਦਾਰ ਸੀਰੀ ਖਾ ਜਾਂਦੇ ਜ਼ਮੀਨ ਨੂੰ,**
**ਗੱਦਾਰ ਨੌਕਰ ਖਾ ਜਾਂਦੇ ਦੁਕਾਨਦਾਰਾਂ।**

ਸੋ ਅਨਮੋਲ ਨੇ ਉਸ ਡੇਰੇ ਵਿਚ ਜਾ ਕੇ ਬਹੁਤ ਕੁਝ ਹਾਸਲ ਕੀਤਾ ਅਤੇ ਇਕ ਚੰਗਾ ਇਨਸਾਨ ਬਨਣ ਦੀ ਸੋਚ ਵਿਚ ਆ ਗਿਆ। ਸੋ ਓਧਰ ਅਨਮੋਲ ਦੇ ਘਰ ਉਸ ਦੇ ਮਿੱਤਰ, ਦੋਸਤ, ਰਿਸ਼ਤੇਦਾਰ ਉਨ੍ਹਾਂ ਕੋਲ ਗਰੀਬੀ ਆਉਣ ਦਾ 'ਹਾਅ ਦਾ ਨਾਅਰਾ' ਮਾਰ ਕੇ ਚਾਹ ਪੀ ਕੇ ਵਾਪਸ ਚਲੇ ਜਾਂਦੇ ਤਾਂ ਉਸ ਦੀ ਮਾਂ ਨੇ ਸੋਚਿਆ ਕਿ ਜੋ ਵੀ ਕੋਈ ਰਿਸ਼ਤੇਦਾਰ ਆਉਂਦਾ ਹੈ ਦੋ ਸ਼ਬਦ ਬੋਲ ਕੇ ਚਾਹ ਪੀ ਕੇ ਚਲਾ ਜਾਂਦਾ ਹੈ। ਸਾਡੇ ਪੱਲੇ ਤਾਂ ਕੁਝ ਨਹੀਂ ਪੈਂਦਾ। ਫੇਰ ਅਨਮੋਲ ਅਤੇ ਉਸ ਦੀ ਮਾਂ ਨੇ ਰਿਸ਼ਤੇਦਾਰਾਂ ਤੋਂ ਅਤੇ ਅਨਮੋਲ ਨੇ ਆਪਣੇ ਦੋਸਤਾਂ ਤੋਂ ਕੁਝ ਰੁਪਏ ਕੰਮ ਚਲਾਉਣ ਲਈ ਮੰਗੇ। ਉਨ੍ਹਾਂ ਮਾਂ ਪੁੱਤ ਦੇ ਕਹਿਣ ਤੇ ਸਾਰੇ ਰਿਸ਼ਤੇਦਾਰਾਂ ਅਤੇ ਅਨਮੋਲ ਦੇ ਦੋਸਤਾਂ ਨੇ ਥੋੜ੍ਹੇ-ਥੋੜ੍ਹੇ ਪੈਸੇ ਸਹਾਇਤਾ ਵਜੋਂ ਦੇ ਦਿੱਤੇ। ਮਾਂ ਅਤੇ ਅਨਮੋਲ ਨੇ ਸਾਰੇ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਉਨ੍ਹਾਂ ਦੀ ਸਹਾਇਤਾ ਕਰਨ ਦਾ ਬਹੁਤ ਧੰਨਵਾਦ ਕੀਤਾ।

ਕੁਝ ਹੀ ਦਿਨਾਂ ਬਾਅਦ ਅਨਮੋਲ ਫੇਰ ਪੂਰੀ ਮਿਹਨਤ ਨਾਲ ਕੰਮ ਕਰਨ ਲੱਗ ਪਿਆ ਅਤੇ ਸ਼ਰਾਬ ਅਤੇ ਹੋਰ ਐਬ ਛੱਡ ਦਿੱਤੇ। ਆਪਣੇ ਸਹੁਰੇ ਜਾ ਕੇ ਪਤਨੀ ਅਤੇ ਬੱਚਿਆਂ ਨੂੰ ਵਾਪਸ ਲੈ ਆਇਆ। ਘਰ ਵਿਚ ਦੁਬਾਰਾ ਰੌਣਕ ਵਾਪਸ ਆ ਗਈ। ਸਾਰੇ ਪਰਿਵਾਰਕ ਮੈਂਬਰ ਰਲ ਕੇ ਰਹਿਣ ਲੱਗ ਪਏ। ਅਨਮੋਲ ਦੀ ਵਹੁਟੀ ਵੀ ਮੱਝਾਂ ਰੱਖ ਕੇ ਮਿਹਨਤ ਕਰਕੇ ਦੁੱਧ ਵੇਚਣ ਲੱਗ ਪਈ। ਇਸ ਤਰ੍ਹਾਂ ਘਰ ਵਿਚ ਦੁਬਾਰਾ ਅਮੀਰੀ ਆ ਗਈ ਅਤੇ ਗਰੀਬੀ ਖਤਮ ਹੋ ਗਈ। ਇਸ ਕਹਾਣੀ ਵਿਚ ਇਹ ਉਪਦੇਸ਼ ਹੈ ਕਿ ਕਿਸੇ ਵੀ ਵਿਅਕਤੀ ਨੂੰ ਆਪਣੇ ਆਪ ਨੂੰ ਜ਼ਿਆਦਾ ਸਿਆਣਾ ਜਾਂ ਆਪ ਪਰਿਵਾਰਕ ਮੈਂਬਰਾਂ ਨੂੰ ਬਹੁਤ ਜ਼ਿਆਦਾ ਸਿਆਣਾ ਨਹੀਂ ਸਮਝਣਾ ਚਾਹੀਦਾ। ਬੁਢਾਪੇ ਵੇਲੇ ਕੋਈ ਵੀ ਸਿਖਿਆ ਸੌਖੇ ਸ਼ਬਦਾਂ ਵਿਚ ਦੇਣੀ ਚਾਹੀਦੀ ਹੈ ਜੋ ਕਿ ਹਰੇਕ ਆਦਮੀ ਸਮਝ ਸਕੇ ਅਤੇ ਸਿਖਿਆ ਦੀ ਵਡਿਆਈ ਕਰੇ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**


**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਮਹਾਨ ਸ਼ਖ਼ਸ਼ੀਅਤ ਅਵਤਾਰ ਸਿੰਘ



ਸ. ਅਵਤਾਰ ਸਿੰਘ ਦਾ ਜਨਮ 22-11-1930 ਨੂੰ ਪਿੰਡ ਚੱਕ 358 ਜੀ.ਬੀ. (ਜਿਸਨੂੰ ਗੰਜੂ ਮੁਗਲੀ ਵੀ ਕਹਿੰਦੇ ਸਨ) ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ (ਹੁਣ ਫੈਸਲਾਬਾਦ) ਵਿਖੇ ਸਰਦਾਰਨੀ ਪ੍ਰੀਤਮ ਕੌਰ ਤੇ ਇੰਸਪੈਕਟਰ ਇੰਦਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸੰਨ 1947 ਵਿਚ ਉਹਨਾਂ ਡਿਸਟ੍ਰਿਕਟ ਬੋਰਡ ਹਾਈ ਸਕੂਲ ਮੂਰਸੀਪੁਰ, ਜ਼ਿਲ੍ਹਾ ਲਾਇਲਪੁਰ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਦੇਸ਼ ਦੀ ਵੰਡ ਸਮੇਂ ਉਹਨਾਂ ਦਾ ਪਰਿਵਾਰ ਪਿੰਡ ਰਾਏਪੁਰ ਪੀਰ ਬਖਸ਼ ਵਾਲਾ, ਜ਼ਿਲ੍ਹਾ ਕਪੂਰਥਲਾ ਵਿਖੇ ਆ ਕੇ ਵਸ ਗਿਆ। ਰਣਧੀਰ ਕਾਲਜ ਕਪੂਰਥਲਾ ਤੋਂ ਐਫ.ਏ., ਬੀ.ਏ. ਕਰਕੇ ਉਹ ਪੰਜਾਬ ਸਿਵਲ ਸਕੱਤਰੇਤ ਵਿਚ ਬਤੌਰ ਕਲਰਕ ਭਰਤੀ ਹੋ ਗਏ। ਨੌਕਰੀ ਤੋਂ ਛੁੱਟੀ ਲੈ ਕੇ ਉਹਨਾਂ ਨੇ ਐਲ.ਐਲ.ਬੀ. ਦੀ ਪੜ੍ਹਾਈ ਲਾਅ ਕਾਲਜ ਜਲੰਧਰ ਤੋਂ ਕੀਤੀ।


**ਮਹਿੰਦਰ ਸਿੰਘ**
**ਸਾਬਕਾ ਡੀ.ਐਸ.ਪੀ.**
**98144-74535**




ਇਸ ਤੋਂ ਬਾਅਦ ਉਹ ਜ਼ਿਲ੍ਹਾ ਭਲਾਈ ਅਫ਼ਸਰ ਨਿਯੁਕਤ ਕੀਤੇ ਗਏ ਤੇ ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਸੇਵਾ ਨਿਭਾਈ। ਨੌਕਰੀ ਵਿਚ ਤਰੱਕੀ ਕਰਦੇ ਹੋਏ ਚੰਡੀਗੜ੍ਹ ਚਲੇ ਗਏ ਜਿਥੇ ਉਹ ਰਿਜ਼ਨਲ ਭਲਾਈ ਅਫ਼ਸਰ, ਅਸਿਸਟੈਂਟ ਡਾਇਰੈਕਟਰ, ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਭਾਉਂਦੇ ਹੋਏ ਜਾਇੰਟ ਡਾਇਰੈਕਟਰ ਵੈਲਫੇਅਰ ਪੰਜਾਬ ਬਣ ਗਏ।

ਸਮਾਜ ਭਲਾਈ ਦੇ ਕਾਰਜਾਂ ਵਿਚ ਉਹਨਾਂ ਦਾ ਯੋਗਦਾਨ ਬਾਪੂ ਇੰਦਰ ਸਿੰਘ ਚੈਰੀਟੇਬਲ ਟਰੱਸਟ (ਰਜਿ.) ਨੂੰ ਸੰਨ 2002 ਵਿਚ ਸਥਾਪਤ ਕਰਨ ਤੇ ਸੁਯੋਗ ਸੰਚਾਲਨ ਲਈ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ ਵਿਚ ਸੇਵਾ ਲਈ ਜਾਣਿਆ ਜਾਂਦਾ ਹੈ। ਇਹਨਾਂ ਸਾਰੀਆਂ ਸੰਸਥਾਵਾਂ ਦੇ ਉਹ ਲਾਇਫ ਮੈਂਬਰ ਬਣ ਗਏ।

ਸੰਨ 2008 ਵਿਚ ਆਪਣੀ ਜ਼ਮੀਨ ਵਿਚੋਂ ਚਾਰ ਏਕੜ ਤੋਂ ਜ਼ਿਆਦਾ ਜਗ੍ਹਾ ਕਲਗੀਧਰ ਟਰੱਸਟ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਨੂੰ ਦਾਨ ਕੀਤੀ। ਹੁਣ ਪਿੰਡ ਰਾਏਪੁਰ ਪੀਰ ਬਖਸ਼ ਵਾਲਾ, ਜ਼ਿਲ੍ਹਾ ਕਪੂਰਥਲਾ ਵਿਖੇ, ਅਕਾਲ ਅਕੈਡਮੀ ਬੜੂ ਸਾਹਿਬ ਦੀ ਬਰਾਂਚ ਚੱਲ ਰਹੀ ਹੈ, ਜੋ ਕਿ ਸੀ.ਬੀ.ਐਸ.ਈ. ਦਿੱਲੀ ਤੋਂ ਮਾਨਤਾ ਪ੍ਰਾਪਤ ਹੈ। ਸਾਲ 2009 ਵਿਚ 47 ਵਿਦਿਆਰਥੀਆਂ ਨਾਲ ਸ਼ੁਰੂ ਕੀਤੀ ਗਈ ਸੀ ਅਤੇ 462 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਅਣਗਿਣਤ ਵਿਦਿਆਰਥੀ ਉਹਨਾਂ ਦੇ ਟਰੱਸਟ ਵਿਚੋਂ ਅਤੇ ਮਿਲਦੀ ਤਨਖਾਹ/ਪੈਨਸ਼ਨ ਵਿਚੋਂ ਮਾਇਕ ਮੱਦਦ ਲੈ ਕੇ ਪੜ੍ਹਾਈ ਕਰਕੇ ਨੌਕਰੀਆਂ ਕਰ ਰਹੇ ਹਨ।

10 ਅਕਤੂਬਰ 2015 ਨੂੰ ਉਹ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

ਪਰਿਵਾਰ ਵਿਚ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਕੁਲਦੀਪ ਕੌਰ, ਪੁੱਤਰ ਡਾ. ਗੁਰਪ੍ਰਤਾਪ ਸਿੰਘ, ਨੂੰਹ ਡਾ. ਸਤਵਿੰਦਰ ਕੌਰ ਅਤੇ ਦੋ ਬੇਟੀਆਂ ਅਤੇ ਜਵਾਈ ਹਨ।

ਕਹਾਣੀ

# ਸੂਰਜ ਅਜੇ ਨਹੀਂ ਚੜ੍ਹਿਆ

ਜੋਗਿੰਦਰ ਸਿੰਘ

ਸੰਨ 1968 ਦਸੰਬਰ ਦਾ ਮਹੀਨਾ ਸੀ। ਕੜਾਕੇ ਦੀ ਠੰਢ ਪੈ ਰਹੀ ਸੀ। ਗੁਰਮੇਜ ਆਪਣੇ ਦੋਸਤ ਜਸਬੀਰ ਨਾਲ ਉਸ ਦੀ ਮਾਸੀ ਘਰ ਰਾਤ ਕੱਟ ਰਿਹਾ ਸੀ ਜੋ ਪਿੰਡ ਦੂਰ, ਇੱਕ ਫਾਰਮ 'ਤੇ ਸਥਿਤ ਸੀ। ਫਾਰਮ ਹਾਊਸ ਦਾ ਮਾਲਕ ਮਰ ਚੁੱਕਾ ਸੀ ਤੇ ਜਸਬੀਰ ਦੀ ਮਾਸੀ ਆਪਣੇ ਬੱਚਿਆਂ ਨਾਲ ਦਿਨ ਕਟੀ ਕਰ ਰਹੀ ਸੀ। ਗੁਰਮੇਜ ਆਪਣੀ ਆਦਤ ਮੁਤਾਬਕ ਆਪਣੇ ਆਲੇ ਦੁਆਲੇ ਦੀ ਹਰ ਵਸਤੂ ਨੂੰ ਬੜੀ ਡੂੰਘਾਈ ਨਾਲ ਤੱਕ ਰਿਹਾ ਸੀ। ਘਰ ਪੱਕਾ ਸੀ, ਇੱਟਾਂ ਤੇ ਗਾਰੇ ਦੀਆਂ ਕੰਧਾਂ ਨਾਲ ਬਣਿਆ ਹੋਇਆ। ਕਮਰਿਆਂ ਵਿੱਚ ਫਰਸ਼ ਵੀ ਨਹੀਂ ਪਏ ਸਨ। ਗੁਰਮੇਜ, ਜਸਬੀਰ ਤੇ ਉਸ ਦਾ ਮਸੇਰਾ ਭਰਾ ਰਵੀ ਡਰਾਇੰਗ ਰੂਮ ਵਿੱਚ ਬੈਠੇ ਸਨ। ਕਮਰੇ ਵਿੱਚ ਇਕ ਵੱਡੇ ਫਰੇਮ ਵਿੱਚ ਜਸਬੀਰ ਦੇ ਮਾਸੜ ਦੀ ਤਸਵੀਰ ਮੜੀ ਹੋਈ ਸੀ। ਉਹ ਕਲਕੱਤਾ ਸ਼ਹਿਰ ਵਿੱਚ ਹੋਟਲ ਚਲਾਉਂਦੇ ਸਨ। ਉਨ੍ਹਾਂ ਦੀ ਮੌਤ ਕੁਝ ਮਹੀਨੇ ਪਹਿਲਾਂ ਹੀ ਹੋਈ ਸੀ। ਤਸਵੀਰ ਤੋਂ ਪ੍ਰਤੀਤ ਹੋ ਰਿਹਾ ਸੀ ਕਿ ਉਹ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਤੇ ਮਨੁੱਖੀ ਗੁਣਾਂ ਦੇ ਧਾਰਨੀ ਸਨ।

ਕਮਰੇ ਵਿੱਚ ਰਜਾਈਆਂ-ਤਲਾਈਆਂ ਤੇ ਕੁਝ ਹੋਰ ਸਾਮਾਨ ਪਿਆ ਸੀ। ਜਾਪਦਾ ਸੀ ਕਿ ਘਰ ਵਿੱਚ ਲੜਕੀ ਦਾ ਵਿਆਹ ਹੋਣ ਵਾਲਾ ਹੈ। ਦਸ ਪੰਦਰਾਂ ਮਿੰਟਾਂ ਬਾਅਦ ਹੀ ਜਸਬੀਰ ਦੀ ਮਾਸੀ ਸਾਰਿਆਂ ਵਾਸਤੇ ਚਾਹ ਲੈ ਆਈ। 'ਸਤਿ ਸ੍ਰੀ ਅਕਾਲ' ਕਹਿਣ ਉਪ੍ਰੰਤ ਗਰਮੇਜ ਨੇ ਗੱਲ ਸ਼ੁਰੂ ਕੀਤੀ, "ਤੁਹਾਡੇ ਘਰ ਕੋਈ ਵਿਆਹ ਹੋ ਰਿਹੈ?" "ਹਾਂ ਕਾਕਾ, ਤੇਰੀ ਭੈਣ ਦਾ ਵਿਆਹ ਦਿੱਤਾ ਹੋਇਆ ਸੁੱਖ ਨਾਲ। ਵੀਹ ਦਿਨਾਂ ਨੂੰ ਵਿਆਹ ਹੈ। ਦੋ-ਤਿੰਨ ਦਿਨਾਂ 'ਚ ਸੱਦਾ-ਪੱਤਰ ਭੇਜ ਰਹੇ ਹਾਂ।" ਮਾਸੀ ਨੇ ਉਤਰ ਦਿੱਤਾ।

"ਤਾਂ ਫਿਰ ਇਹ ਸਾਰਾ ਦਾਜ ਦਾ ਸਾਮਾਨ ਹੀ ਹੈ" ਗੁਰਮੇਜ ਨੇ ਮੰਜੀਆਂ 'ਤੇ ਪਈਆਂ ਰਜਾਈਆਂ-ਤਲਾਈਆਂ ਵੱਲ ਇਸ਼ਾਰਾ ਕਰਦਿਆਂ ਕਿਹਾ। "ਹਾਂ ਪੁੱਤਰ, ਮਾਸੀ ਨੇ ਉਤਰ ਦਿੱਤਾ। "ਔਹ ਦੇਖ ਨਾ ਕਾਕਾ" ਸਾਹਮਣੇ ਪਈ ਫੋਟੋ ਵੱਲ, ਉਸ ਨੇ ਗਲ ਕਰਦਿਆਂ ਕਿਹਾ। "ਇਹ ਜਸਬੀਰ ਦੇ ਮਾਸੜ ਦੀ ਫੋਟੋ ਐ। ਇਨ੍ਹਾਂ ਨੂੰ ਮਰਿਆਂ ਨੂੰ ਸੱਤ ਮਹੀਨੇ ਹੋ ਗਏ ਨੇ, ਅਸੀਂ ਸਾਰਾ ਟੱਬਰ ਕਲਕੱਤੇ ਰਹਿੰਦੇ ਸੀ। ਹੋਟਲ ਦਾ ਕਾਰੋਬਾਰ ਸੀ। ਨੌਕਰ -ਚਾਕਰ ਸਨ। ਸਰਦਾਰ ਜੀ ਦੇ ਹੁੰਦਿਆਂ ਸਾਨੂੰ ਕੋਈ ਫ਼ਿਕਰ ਨਹੀਂ ਸੀ। ਉਨ੍ਹਾਂ ਦੀ ਮੌਤ ਪਿੱਛੋਂ ਅਸੀਂ ਪੰਜਾਬ ਆ ਗਏ। ਇੱਥੇ ਆਪਣੀ ਥੋੜ੍ਹੀ ਕੁ ਜ਼ਮੀਨ ਤੇ ਆ ਬੈਠੇ ਹਾਂ। ਭਾਵੇਂ ਸਾਰੇ ਰਿਸ਼ਤੇਦਾਰਾਂ 'ਚ ਆ ਬੈਠੇ ਹਾਂ ਪਰ ਦਿਲ ਨਹੀਂ ਲੱਗਦਾ ਇੱਥੇ, ਉਸ ਔਰਤ ਨੇ ਠੰਢਾ ਹਉਕਾ ਭਰਦਿਆਂ ਕਿਹਾ।"

"ਅੱਛਾ ਕਾਕਾ ਤੁਸੀਂ ਆਰਾਮ ਕਰੋ, ਮੈਂ ਤੁਹਾਡੇ ਲਈ ਖਾਣਾ ਤਿਆਰ ਕਰਦੀ ਹਾਂ।" ਇਹ ਕਹਿ ਕੇ ਉਹ ਰਸੋਈ ਵੱਲ ਤੁਰ ਪਈ। ਕਾਲੀ ਬੋਲੀ ਰਾਤ ਸੀ। ਹਲਕੀ-ਹਲਕੀ ਕਿਣ-ਮਿਣ ਹੋ ਰਹੀ ਸੀ। ਗੁਰਮੇਜ ਸੋਚਾਂ ਦੇ ਸਮੁੰਦਰ ਵਿੱਚ ਡੁੱਬਾ ਹੋਇਆ ਸੀ।

"ਯਾਰ। ਸਰਦੀ ਦਾ ਕੁਝ ਇਲਾਜ ਕਰ ਲਈਏ।" ਜਸਬੀਰ ਨੇ ਚੁੱਪ ਤੋੜਦਿਆਂ ਕਿਹਾ। ਸਾਹਮਣੇ ਅਲਮਾਰੀ ਵਿੱਚੋਂ ਉਸ ਨੇ ਇਕ ਬੋਤਲ ਕੱਢ ਲਿਆਂਦੀ। ਉਸ ਨੇ ਆਪਣੇ ਮਸੇਰੇ ਭਰਾ ਰਵੀ ਨੂੰ ਪਾਣੀ ਲਿਆਉਣ ਲਈ ਕਿਹਾ। ਰਵੀ ਨੇ ਘਰ ਵਿਚਲੇ ਨੌਕਰ ਬਿਰਜੂ ਨੂੰ ਨਮਕੀਨ ਆਦਿ ਲਿਆਉਣ ਵਾਸਤੇ ਕਹਿ ਦਿੱਤਾ। ਬਿਰਜੂ ਪੈਰਾਂ ਤੋਂ ਨੰਗਾ ਸੀ।

"ਇਹ ਮੁੰਡਾ ਤੁਹਾਡਾ ਨੌਕਰ ਹੈ?" ਗੁਰਮੇਜ ਨੇ ਪੁੱਛਿਆ। ਰਵੀ ਕਹਿਣ ਲੱਗਾ, "ਇਹ ਕਲਕੱਤੇ ਸਾਡੇ ਹੋਟਲ 'ਚ ਕੰਮ ਕਰਦਾ ਸੀ ਤੇ ਉਥੇ... "ਫਿਰ ਬਿਰਜੂ ਵੱਲ ਮੂੰਹ ਕਰਦਿਆਂ ਹੋਇਆਂ, "ਮੇਰੇ ਪਿਤਾ ਜੀ ਕੀ ਕੰਮ ਕਰਦੇ ਹਨ ਤੇ ਤੇਰੀ ਮਾਤਾ?" "ਜੀ ਮੇਰੇ ਪਿਤਾ ਜੀ ਉਹ ਹਨ।" ਬਿਰਜੂ ਦੇ ਉਤਰ 'ਤੇ ਹੈਰਾਨ ਹੋਇਆ ਤੇ ਉਸ ਨੇ ਥੋੜ੍ਹਾ ਸੋਚ ਫਿਰ ਬਿਰਜੂ ਨੂੰ ਪੁੱਛਿਆ, "ਇਹ ਤੇਰੇ ਪਿਤਾ ਕਿਵੇਂ ਹੋਏ?"

"ਜੀ ਇਹੋ ਹੀ ਹਨ ਮੇਰੇ ਪਿਤਾ। ਜਦ ਮੈਂ ਕਲਕੱਤੇ ਹੁੰਦਾ ਸੀ, ਇਹ ਮੈਨੂੰ ਬਹੁਤ ਹੀ ਪਿਆਰ ਕਰਦੇ ਸਨ।" ਬਿਰਜੂ ਨੇ ਵਿਸ਼ਵਾਸ ਨਾਲ ਕਿਹਾ ਗੁਰਮੇਜ ਦੀ ਉਤਸੁਕਤਾ ਦੇਖਦਿਆਂ ਰਵੀ ਨੇ ਗੱਲ ਅੱਗੇ ਤੋਰੀ। ਇਹ ਮੁੰਡਾ ਮਸਾਂ ਚਾਰ ਕੁ ਸਾਲ ਦਾ ਸੀ ਜਦ ਆਪਣੀ ਮਾਂ ਨਾਲ ਸਾਡੇ ਹੋਟਲ 'ਚ ਆਇਆ ਸੀ। ਇਸ ਦੇ ਪਿਤਾ ਇਸ ਮੁੰਡੇ ਤੇ ਇਸ ਦੀ ਮਾਂ ਨੂੰ ਛੱਡ ਕੇ ਕਿਧਰੇ ਹੋਰ ਚਲਾ ਗਿਆ ਸੀ। ਇਸ ਦੀ ਮਾਤਾ ਹੋਟਲ 'ਚ ਹੀ ਕੰਮ ਕਰਦੀ ਸੀ। ਉਹ ਵੀ ਇਸ ਵਿਚਾਰੇ ਨੂੰ ਇਕੱਲਾ ਛੱਡ ਕੇ ਪਤਾ ਨਹੀਂ ਕਿੱਧਰ ਚਲੀ ਗਈ।

ਸਾਡੇ ਦੇਸ਼ ਵਿੱਚ ਬਿਰਜੂ ਵਰਗੇ ਸੈਂਕੜੇ, ਹਜ਼ਾਰਾਂ, ਲੱਖਾਂ-ਕਰੋੜਾਂ ਲਾਵਾਰਸ ਬੰਧੂਆ ਮਜ਼ਦੂਰ ਬੱਚੇ ਹੋਣਗੇ...ਕੀ ਉਹ ਪਿਛਲੇ ਕਰਮਾਂ ਦਾ ਫਲ ਭੋਗ ਰਿਹਾ ਸੀ ਜਾਂ ਇਸ ਵੇਲਾ ਵਿਹਾ ਚੁੱਕੇ ਗਲਤ ਰਾਜਨੀਤਕ, ਆਰਥਿਕ ਤੇ ਸਮਾਜਿਕ ਪ੍ਰਬੰਧ ਦਾ ਫਲ ਭੋਗ ਰਿਹਾ ਸੀ।


"ਕਿਸੇ ਦਾ ਪਿਉ ਨਾ ਮਰੇ।' ਗੁਰਮੇਜ ਨੇ ਲੰਬਾ ਹਉਕਾ ਭਰਦਿਆਂ ਕਿਹਾ। ਜਸਬੀਰ ਤੇ ਰਵੀ ਦੀਆਂ ਅੱਖਾਂ ਵਿੱਚ ਵੀ ਅੱਥਰੂ ਆ ਗਏ। ਉਨ੍ਹਾਂ ਦਾ ਪਿਓ ਵੀ ਤਾਂ ਸਿਰ ਤੇ ਨਹੀਂ ਸੀ। ਸਭ ਨੂੰ ਨਿੱਜੀ ਅਨੁਭਵ ਸੀ ਕਿ ਪਿਓ ਦਾ ਸਿਰ 'ਤੇ ਨਾ ਹੋਣ 'ਤੇ ਕੀ ਬੀਤਦੀ ਹੈ। ਗੁਰਮੇਜ ਨੇ ਦਸ ਰੁਪਏ ਦਾ ਨੋਟ ਬਿਰਜੂ ਦੇ ਹੱਥ ਫੜਾਉਂਦਿਆਂ ਕਿਹਾ, "ਕੱਲ੍ਹ ਇਸ ਦੀ ਜੁੱਤੀ ਲੈ ਲਈਂ।"

ਰਾਤ ਬਹੁਤ ਜਾ ਚੁੱਕੀ ਸੀ। ਇੰਨੇ ਚਿਰ ਵਿੱਚ ਖਾਣਾ ਆ ਗਿਆ। ਰੋਟੀ ਖਾ ਕੇ ਸਭ ਸੌਂ ਗਏ। ਮੰਜੇ 'ਤੇ ਲੇਟਣ ਤੋਂ ਪਹਿਲਾਂ ਗੁਰਮੇਜ ਨੇ ਬਿਰਜੂ ਨੂੰ ਕਿਹਾ, "ਮੈਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਜਗਾ ਦੇਣਾ।" ਗੁਰਮੇਜ ਨੂੰ ਉਸ ਰਾਤ ਨੀਂਦ ਨਾ ਆਈ। ਉਹ ਸਾਰੀ ਰਾਤ ਬਿਸਤਰੇ 'ਤੇ ਕਰਵਟਾਂ ਲੈਂਦਾ ਰਿਹਾ।

ਬਿਰਜੂ ਉਸ ਦੇ ਨਜ਼ਦੀਕ ਹੀ ਫਰਸ਼ 'ਤੇ ਸੁੱਤਾ ਪਿਆ ਸੀ। ਰਾਤ ਮੁੱਕਣ 'ਤੇ ਨਹੀਂ ਸੀ ਆ ਰਹੀ। ਆਖ਼ਰ ਸਵੇਰ ਦੇ ਪੰਜ ਵਜੇ ਉਹ ਬਿਸਤਰੇ ਵਿੱਚੋਂ ਉਠ ਖਲੋਤਾ। ਲਾਗੇ ਸੁੱਤੇ ਬਿਰਜੂ ਦੀ ਵੀ ਅੱਖ ਖੁੱਲ੍ਹ ਗਈ। ਉਹ ਅੱਖਾਂ ਮਲਦਾ ਹੋਇਆ ਆਪਣੇ ਬਿਸਤਰੇ ਵਿੱਚੋਂ ਹੀ ਬੋਲਿਆ, "ਸਰਦਾਰ ਜੀ! ਅਜੇ ਨਾ ਉਠੋ ਸੂਰਜ ਅਜੇ ਚੜ੍ਹਿਆ ਨਹੀਂ।" ਸੱਚਮੁੱਚ ਹੀ ਬਿਰਜੂ ਵਰਗੇ ਕਰੋੜਾਂ ਹੀ ਅਨਾਥ ਤੇ ਗ਼ਰੀਬ ਬੱਚਿਆਂ ਵਾਸਤੇ ਸੂਰਜ ਅਜੇ ਨਹੀਂ ਚੜ੍ਹਿਆ।

# ਕਾਵਿ-ਕਿਆਰੀ

## ਵੰਸ਼ਜ਼-ਵਾਰਿਸ



ਪੰਜਾਬ ਦੀ ਇਹ ਸ਼ਰਜ਼ਮੀਂ ਜੋ ਵਰੋਸਾਈ ਵਿਗਸਾਈ ਗਈ ਸੀ
ਰਿਸ਼ੀਆਂ-ਮੁਨੀਆਂ ਗੁਰੂਆਂ-ਪੀਰਾਂ ਸੂਫ਼ੀ ਫਕੀਰਾਂ
ਰਣਜੇਤੂ ਰਣਜੀਤ ਤੋਂ ਬਾਅਦ, ਪੁਆੜੇ ਪਾ ਉਜਾੜੇ ਰਾਜ ਨੂੰ
ਡੋਗਰੇ, ਸੰਧਾਵਾਲੀਆਂ, ਮਿਸਰ ਮਜੀਠੀਆਂ ਚੰਦ ਬੰਦਿਆਂ
ਸ਼ੇਰਿ ਪੰਜਾਬ ਦੇ ਪੁੱਤ ਪੋਤਰੇ, ਕਤਲੋਗਾਰਤ ਦੇ ਲਾ ਕੇ ਜੋਤਰੇ
ਵਫ਼ਾਦਾਰ ਕੁਲ ਦਰਬਾਰੀ, ਝਟਕਾ ਦਿੱਤੇ ਸਭ ਵਾਰੋ ਵਾਰੀ
ਇਸ ਤਰ੍ਹਾਂ ਕੁਝ ਹਲਕਾਏ ਹਾਕਮ, ਕੁਝ ਮੱਕਾਰ ਮਹਿਕੂਮਾਂ ਨੇ
ਬਦਇਖਲਾਕੀ ਬੇਇਤਫਾਕੀ, ਨਾਪਾਕੀ, ਚਾਲਾਕੀ ਕਰ ਕੇ
ਸੱਤ ਸੌ ਸਾਲਾਂ ਬਾਅਦ ਲਿਆਂਦਾ, ਸਰਬਸਾਂਝਾ ਪੰਜਾਬੀ ਰਾਜ
ਛੇ ਸੱਤ ਸਾਲਾਂ ਵਿਚ ਹੀ, ਕਰ ਦਿੱਤਾ ਗਿਆ ਫਿਰ ਮੁਹਤਾਜ

ਮਾਈ ਭਾਗੋ ਵਰਗੀ ਜੁਗਗਰਦ, ਇੱਕੋ ਇਕ ਪੰਜਾਬੀ ਮਰਦ
ਮਹਾਰਾਣੀ ਰਾਜਮਾਤਾ, ਮਰਗਿੰਦਾਂ ਰਾਣੀ ਜਿੰਦਾ ਨੇ
ਆਪਣੇ ਮਾਸੂਮ ਨਬਾਲਗ, ਮਹਾਰਾਜੇ ਲਖਤਿ ਜਿਗਰ ਲਈ
ਸ਼ੇਰਿ ਪੰਜਾਬ ਦੀ ਸਲਤਨ ਦੀ ਜਾਨਸ਼ੀਨ ਕੱਚੀ ਲਗਰ ਲਈ
ਜੁਰਤ ਨਾਲ ਉਠਾਏ ਗਏ, ਆਪਣੇ ਵਿਰਸਾਈ ਹੱਕਾਂ ਕਰਕੇ
ਗ਼ੱਦਾਰਾਂ ਸਰਦਾਰਾਂ ਵੱਲੋਂ, ਪੂਰੇ ਨਾ ਗਏ ਪੱਖਾਂ ਕਰਕੇ
ਹਰੀਏ ਰਾਘਲੇ ਅਕਾਲੀ ਅਟਾਰੀ, ਮੁਹਕਮ ਮਾਘੇ ਪੰਜਹੱਥੇ ਬਿਨਾਂ
ਖਾਨਾਜੰਗੀ ਬਰਛਾਗਰਦੀ, ਕੋਈ ਵੀ ਹਟਾ ਨਾ ਸਕਿਆ
ਘਰ ਦੇ ਚਿਰਾਗ਼ ਤੋਂ ਲੱਗੀ ਨੂੰ, ਭਾਂਬੜ ਬਣਨੋਂ ਬਚਾ ਨਾ ਸਕਿਆ
ਰੱਤ ਦੇ ਹੰਝੂ ਰੋਂਦੀ ਨੂੰ, ਕੋਈ ਵੀ ਚੁੱਪ ਕਰਾ ਨਾ ਸਕਿਆ।

ਕੰਧ ਉਹਲੇ ਪ੍ਰਦੇਸ਼ ਹੋਣ ਦਾ ਫ਼ਤਵਾ ਲਾਇਆ
ਮਾਂ-ਪੁੱਤਾਂ ਨੂੰ ਦੇਸ ਨਿਕਾਲੇ ਦੀ ਸੂਲੀ ਚੜ੍ਹਾਇਆ
ਅਲਫੋਂ ਯੇ ਤਲਾਸ਼ੀ ਲੈ, ਪੱਲੇ ਕੁਝ ਰਹਿਣ ਨਾ ਦਿੱਤਾ
ਪਰ ਵਿਰਸੇ ਦੀ ਅਗਨ-ਲਗਨ, ਅਵੇਸਲੇ ਬਹਿਣ ਨਾ ਦਿੱਤਾ
ਨਿਪਾਲ ਫਰਾਂਸ ਜਰਮਨ ਇਟਲੀ ਰੂਸ ਨੇ ਕੁਕਨੂਸ ਨੂੰ
ਸਰਦੇ ਬਣਦੇ ਸਹਿਯੋਗ ਦਾ ਪੂਰਨ ਅਸ਼ਵਾਸਨ ਦਿੱਤਾ
ਪਰ ਆਪਣਿਆਂ ਜ਼ਮੀਰ-ਫਰੋਸ਼ਾਂ, ਬੁਜ਼ਦਿਲ ਖਾਮੋਸ਼ਾ ਵੱਲੋਂ
ਕੋਈ ਵੀ ਮਤਾ ਗੁਰਮਤਾ, ਪਾਸ ਨਾ ਹੋਇਆ ਅਜੇਹਾ
ਨਾ ਹੀ ਲਿਖਤੀ ਜ਼ੁਬਾਨੀ, ਪਹੁੰਚਿਆ ਕੋਈ ਸੁਨੇਹਾ
ਇਉਂ ਜੰਗਲ ਭੋਂ ਦੇ ਮੋਹ ਲਈ, ਸੰਘਰਸ਼ ਕਰਦਿਆਂ
ਵਤਨੋਂ ਦੂਰ ਹੋ ਮਜਬੂਰ ਸਿਤਮ ਦਰ ਸਿਤਮ ਜਰਦਿਆਂ
ਅਹਿਦ ਮੁਤਾਬਕ ਬਾਲਗ ਹੋਣ ਤੇ, ਰਾਜਭਾਗ ਕੋਹਿਨੂਰ ਹੀਰਾ
ਕੀ ਮੋੜਨਾ ਸੀ, ਮਾਸੂਮ ਕੋਲੋਂ ਧੋਖੇ ਨਾਲ ਕਰਕੇ ਬਹਾਨਾ
ਗੁਮਾਸ਼ਤਿਆਂ ਬਣਾ ਲਿਆ, ਸ਼ਾਹ ਵੱਲੋਂ ਸ਼ਾਹਣੀ ਨੂੰ ਦਿੱਤਾ ਨਜ਼ਰਾਨਾ।

ਪਹਿਲੀ ਵਾਰ ਇਤਿਹਾਸ ਵਿਚ,
ਅਤਿ ਘਿਨਾਉਣਾ ਕਰਮ ਅਲਿਜਾਬਥ ਹੋਰ ਕੀਤਾ
ਮਹਾਰਾਜੇ ਨੂੰ ਆਪਣੀਆਂ, ਧੀਆਂ ਨੂੰ ਮੰਗਣ ਵਿਆਹੁਣ ਨਾ ਦਿੱਤਾ
ਨੂੰਹਾਂ ਨੂੰ ਵੀ ਜਿਉਂਦਾ ਬੱਚੀ ਬੱਚਾ ਜੰਮਣ ਨਾ ਦਿੱਤਾ
ਇੱਕੋ ਇਕ ਜਿਉਂਦੇ ਜੰਮੇ ਪੋਤੇ ਨੂੰ ਵੀ, ਮਰਵਾ ਦਿੱਤਾ
ਪੁੱਤਾਂ ਨੂੰ ਵੀ ਬਾਪ ਵਾਂਗ, ਕਦੇ ਪੰਜਾਬ ਆਉਣ ਨਾ ਦਿੱਤਾ
ਮਹਾਰਾਜੇ ਦੀ ਆਲ-ਉਲਾਦ ਦਾ, ਇਉਂ ਨੇਸਤੋਨਾਬੂਦ ਕੀਤਾ
ਵਿਲੱਖਣ ਕੋਹਿਨੂਰ ਦਾ, ਹਿਜ਼ ਹਾਈਨੈਂਸ ਹਜ਼ੂਰ ਦਾ
ਸਿੱਧਾ ਦਾਵੇਦਾਰ ਕੋਈ, ਵੰਸ਼ਜ਼ ਵਾਰਿਸ਼ ਰਹਿਣ ਨਾ ਦਿੱਤਾ।

**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**

*****

## ਗ਼ਜ਼ਲ

**ਪ੍ਰੋ. ਜਸਵੰਤ ਕੈਲਵੀ**

ਪੰਛੀਆਂ ਦੇ ਪਰ ਜਲਾ ਕੇ, ਆਖਦੇ ਹੋ-ਫੜਫੜਾਓ!
ਬੁਲਬਲਾਂ ਦੀ ਜੀਭ ਟੁੱਕ ਕੇ, ਆਖਦੇ ਹੋ, ਗੀਤ ਗਾਓ।
ਹੈ ਅਜ਼ਾਦੀ, ਲੋਕਤੰਤਰ, ਹੈ ਨਿਆਂ ਤੇ ਅਮਨ ਸ਼ਾਂਤੀ
ਪਿੰਜਰੇ ਵਿਚ ਬੈਠ ਕੇ ਤੇ, ਚਹਿਚਹਾਓ, ਚਹਿਚਹਾਓ।
ਪੂੰਝ ਦੇਵੋ ਦਾਗ਼ ਗ਼ਮ ਦੇ, ਖ਼ੂਨ ਦੇ ਕੇ ਕਰਜ਼ ਮੋੜੋ,
ਸਬਰ ਸਿਖੋ, ਉਮਰ ਭੋਗੋ, ਮੌਜ ਮਾਣੋ! ਮੁਸਕਰਾਓ!!
ਹੁਣ ਚਮਨ ਵਿਚ ਚੈਨ ਰੱਖੋ, ਦੋਸਤੀ ਦਾ ਹਰਫ਼ ਸਿਖੋ।
ਖ਼ਤਮ ਕਰਕੇ ਦੁਸ਼ਮਣੀ ਨੂੰ ਨਸਲ ਆਪਣੀ ਨੂੰ ਬਚਾਓ।
ਪਿੰਜਰੇ ਵਿਚ ਹੈ ਸੁਰੱਖਿਆ, ਮਿਲ ਰਿਹਾ ਹੈ ਦਾਲ ਦਾਨਾ
ਆਸਮਾਂ 'ਚ ਕੀ ਕਰੋਗੇ, ਇਸ ਜਗ੍ਹਾ ਹੀ ਪਰਤ ਆਓ।
ਵਗ ਰਹੀ ਹੈ ਲੋਭ ਦੀ ਨੈਂ, ਇਸ ਨਦੀ ਤੋਂ ਦੂਰ ਰਹਿਣਾ,
ਘਰ ਜ਼ਮੀਨਾਂ ਖੇਤ ਜੰਗਲ ਨਾਲ ਰਿਸ਼ਤਾ ਨਾ ਬਣਾਓ।
ਜਿਸ ਤੁਹਾਨੂੰ ਕੈਦ ਕੀਤੈ, ਕੈਲਵੀ ਮਿੱਤਰ ਨਹੀਂ ਉਹ
ਹੈ ਸਮਾਂ ਹੁਣ ਜੀਣ ਖ਼ਾਤਰ, ਸੋਚ ਸੁੱਚੀ ਨੂੰ ਬਚਾਓ।

*****

# ਪਸੀਨੇ ਦੀ ਬਦਬੂ ਦਾ ਕੁਦਰਤੀ ਇਲਾਜ

ਪਰਕਾਸ਼ ਕੌਰ ਢਿੱਲੋਂ

ਗਰਮੀ ਆਉਂਦੀ ਵੇਖ ਕੇ ਸਭ ਦੇ ਪਸੀਨੇ ਛੁੱਟਣ ਲੱਗ ਜਾਂਦੇ ਹਨ ਪਰ ਪਸੀਨੇ-ਪਸੀਨੇ ਵਿਚ ਫਰਕ ਹੁੰਦਾ ਹੈ। ਇਕ ਪਸੀਨਾ ਉਹ ਹੁੰਦਾ ਹੈ ਜੋ ਕਿਸੇ ਤੋਂ ਡਰ ਕੇ ਆਉਂਦਾ ਹੈ, ਇਕ ਉਹ ਜੋ ਕਿਸੇ ਦੁਸ਼ਮਣ ਨੂੰ ਦੇਖ ਕੇ ਆਉਂਦਾ ਹੈ, ਘਬਰਾਓ ਨਹੀਂ! ਇੱਥੇ ਗਰਮੀ ਦੇ ਕਾਰਨ ਆਉਣ ਵਾਲੇ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਜਾਣਕਾਰੀ ਹਾਸਲ ਕਰਾਂਗੇ। ਪਸੀਨਾ ਤਾਂ ਹਰੇਕ ਨੂੰ ਆਉਂਦਾ ਹੈ ਪਰ ਕੁਝ ਲੋਕਾਂ ਦਾ ਪਸੀਨਾ ਏਨਾ ਜ਼ਿਆਦਾ ਬਦਬੂਦਾਰ ਹੁੰਦਾ ਹੈ ਕਿ ਉਨ੍ਹਾਂ ਕੋਲ ਖੜ੍ਹੇ ਵੀ ਨਹੀਂ ਹੋਇਆ ਜਾ ਸਕਦਾ। ਪਸੀਨੇ ਦੀ ਬਦਬੂ ਇਕ ਚੰਗੇ-ਭਲੇ ਵਿਅਕਤੀਤਵ ਦੀ ਚਮਕ ਫਿੱਕੀ ਕਰ ਕੇ ਰੱਖ ਦੇਂਦੀ ਹੈ। ਅਜਿਹਾ ਨਹੀਂ ਕਿ ਬਦਬੂਦਾਰ ਪਸੀਨਾ ਆਉਣ ਵਾਲੇ ਵਿਅਕਤੀਆਂ ਨੂੰ ਇਸ ਦਾ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਪਸੀਨਾ ਬਦਬੂਦਾਰ ਹੈ, ਉਨ੍ਹਾਂ ਨੂੰ ਇਸ ਬਾਰੇ ਪਤਾ ਹੁੰਦਾ ਹੈ ਅਤੇ ਉਹ ਮਨ ਹੀ ਮਨ ਇਸ ਬਾਰੇ ਸੋਚ ਕੇ ਹੀਣਭਾਵਨਾ ਨਾਲ ਪੀੜਤ ਹੋ ਜਾਂਦੇ ਹਨ।

ਇਹ ਲੇਖ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਅਜਿਹੇ ਹੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੈ। ਕੁਝ ਲੋਕ ਪਰਫਿਊਮ ਐਂਟੀਪਰਸਪਾਯਰੇਂਟ ਤੇ ਡਿਓਡਰੈਂਟ ਦਾ ਇਸਤੇਮਾਲ ਆਪਣੇ ਸਰੀਰ ਤੇ ਕਰਕੇ ਆਪਣੇ ਪਸੀਨੇ ਦੀ ਬਦਬੂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ ਪਰ ਅਜਿਹੇ ਲੋਕਾਂ ਨੂੰ ਅਸੀਂ ਦਸ ਦੇਈਏ ਕਿ ਐਂਟੀਪਰਸਪਾਯਰੇਂਟ ਜਿਸ ਦਾ ਕੰਮ ਪਸੀਨੇ ਨੂੰ ਰੋਕਣਾ ਹੈ ਅਤੇ ਡਿਓਡਰੈਂਟ ਜਿਸ ਦਾ ਕੰਮ ਪਸੀਨੇ ਦੀ ਬਦਬੂ ਨੂੰ ਰੋਕਣਾ ਹੁੰਦਾ ਹੈ, ਵਿਚ ਅਜਿਹੇ ਤੱਤਾਂ ਦੀ ਭਰਮਾਰ ਹੁੰਦੀ ਹੈ ਜੋ ਬੈਕਟੀਰੀਆ ਨੂੰ ਖਤਮ ਨਾ ਕਰਕੇ ਉਨ੍ਹਾਂ ਦੀ ਮਾਤਰਾ ਵਿਚ ਵਾਧਾ ਕਰ ਦੇਂਦੇ ਹਨ। ਐਂਟੀਪਰਸਪਾਯਰੇਂਟ ਪਸੀਨੇ ਨੂੰ ਰੋਕਨ ਤੇ ਬੈਕਟੀਰੀਆਵਾਂ ਨੂੰ ਨਾਸ ਕਰਨ ਵਿਚ ਸਫਲਤਾ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਕਈ ਵਾਰ ਇਨ੍ਹਾਂ ਦੇ ਇਸਤੇਮਾਲ ਨਾਲ ਸਰੀਰ ਵਿਚ ਅਲਰਜੀ ਪੈਦਾ ਹੋ ਜਾਂਦੀ ਹੈ।



**ਕਿਉਂ ਆਉਂਦੀ ਹੈ ਪਸੀਨੇ ਵਿੱਚੋਂ ਬਦਬੂ** ? ਸਾਡੇ ਸਰੀਰ ਦੀ ਚਮੜੀ ਦੇ ਰੋਮਕੂਪਾਂ ਵਿੱਚੋਂ ਜਿਸ ਵਕਤ ਪਸੀਨਾ ਬਾਹਰ ਆਉਂਦਾ ਹੈ, ਉਸ ਵਕਤ ਉਹ ਗੰਧਹੀਣ ਹੁੰਦਾ ਹੈ, ਪਸੀਨੇ ਦੇ ਨਾਲ ਯੂਰੀਆ, ਨਮਕ, ਪ੍ਰੋਟੀਨ, ਵਸਾ ਦਾ ਨਿਕਾਸ ਹੁੰਦਾ ਹੈ। ਪਸੀਨੇ ਦਾ ਵਾਸ਼ਪੀਕਰਨ ਨਾ ਹੋਣ ਦੀ ਅਵਸਥਾ ਵਿਚ ਚਮੜੀ ਤੇ ਮੌਜੂਦ ਬੈਕਟੀਰੀਆ ਵਸਾ ਤੇ ਪ੍ਰੋਟੀਨ ਨਾਲ ਕ੍ਰਿਆ ਕਰਕੇ ਇਨ੍ਹਾਂ ਨੂੰ ਅਮੋਨੀਆ ਦੇ ਅਮਲ ਵਿਚ ਬਦਲ ਦੇਂਦੇ ਹਨ। ਅਮਲ ਤੇ ਅਮੋਨੀਆ ਦੀ ਉਤਪਤੀ ਕਾਰਨ ਹੀ ਪਸੀਨਾ ਬਦਬੂ ਵਾਲਾ ਬਣ ਜਾਂਦਾ ਹੈ। **ਕਿਉਂ ਆਉਂਦਾ ਹੈ ਪਸੀਨਾ?** ਮਨੁੱਖੀ ਸਰੀਰ ਦੀ ਚਮੜੀ ਦੇ ਹੇਠਾਂ 20 ਲੱਖ ਦੇ ਆਸਪਾਸ ਪਸੀਨੇ ਵਾਲੀਆਂ ਗ੍ਰੰਥੀਆਂ ਹੁੰਦੀਆਂ ਹਨ। ਇਹ ਪਸੀਨਾ ਗ੍ਰੰਥੀਆਂ ਹੀ ਪਸੀਨੇ ਦਾ ਨਿਰਮਾਣ ਕਰਦੀਆ ਹਨ। ਹਰੇਕ ਗ੍ਰੰਥੀ ਵਿਚ ਬਹੁਤ ਹੀ ਨਾਜ਼ੁਕ ਤੇ ਛੋਟੀਆਂ-ਛੋਟੀਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਦਾ ਮੂੰਹ ਸਰੀਰ ਦੀ ਚਮੜੀ ਦੀ ਅੰਦਰੂਨੀ ਪਰਤ ਡਰਮਿਸ 'ਚ ਥੋੜ੍ਹਾ ਉਪਰ ਹੁੰਦੇ ਹੋਏ ਚਮੜੀ ਦੀ ਉਪਰਲੀ ਪਰਤ ਤੇ ਆ ਕੇ ਖੁੱਲ੍ਹਦਾ ਹੈ। ਇਨ੍ਹਾਂ ਗ੍ਰੰਥੀਆਂ ਰਾਹੀਂ ਹੀ ਨਮਕ ਮਿਸ਼ਰਤ, ਵਸਾ ਮਿਸ਼ਰਤ, ਪ੍ਰੋਟੀਨ ਮਿਸ਼ਰਤ ਪਾਣੀ ਦਾ ਰਿਸਾਵ ਹੁੰਦਾ ਹੈ। ਸਰੀਰ ਦੇ ਤਾਪਮਾਨ ਨੂੰ ਨਿਯੰਤ੍ਰਿਤ ਕਰਨ 'ਚ ਇਹ ਗ੍ਰੰਥੀਆਂ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਤੁਹਾਨੂੰ ਇਕ ਗੱਲ ਹੋਰ ਦੱਸ ਦੇਈਏ ਕਿ ਸਾਡੀ ਤੰਦਰੁਸਤੀ ਲਈ ਪਸੀਨਾ ਆਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਕਾਰਨ ਹੀ ਸਾਡੇ ਸਰੀਰ ਦਾ ਤਾਪਮਾਨ ਨਿਯੰਤ੍ਰਣ ਵਿਚ ਰਹਿੰਦਾ ਹੈ।

**ਬਦਬੂ ਤੋਂ ਬਚਾਅ** - ਇਕ ਵਾਰ ਪਹਿਨੇ ਹੋਏ ਕੱਪੜਿਆਂ ਨੂੰ ਬਿਨਾਂ ਧੋਤੇ ਅਲਮਾਰੀ 'ਚ ਨਾ ਰੱਖੋ। ਬਿਨ੍ਹਾਂ ਧੋਤੇ ਕੱਪੜਿਆਂ ਨੂੰ ਅਲਮਾਰੀ ਵਿਚ ਰੱਖਣ ਨਾਲ ਬਦਬੂ ਪੈਦਾ ਕਰਨ ਵਾਲੇ ਬੈਕਟੀਰੀਆ ਕ੍ਰਿਆਸ਼ੀਲ ਹੋ ਕੇ ਕੱਪੜਿਆਂ ਵਿਚ ਬਦਬੂ ਪੈਦਾ ਕਰ ਦੇਂਦੇ ਹਨ। ਸਰੀਰ ਦੀ ਸਾਫ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਨਿੰਮ ਵਾਲੇ ਸਾਬਣ ਦਾ ਨਹਾਉਂਦੇ ਸਮੇਂ ਇਸਤੇਮਾਲ ਕਰੋ ਤਾਂ ਚੰਗਾ ਰਹੇਗਾ। ਜਿੱਥੋਂ ਤਕ ਹੋ ਸਕੇ ਸਖ਼ਤ ਧੁੱਪ ਤੋਂ ਬਚੋ। ਕੱਪੜੇ ਅਜਿਹੇ ਪਹਿਨੋ ਜੋ ਸਰੀਰ ਨਾਲ ਚਿਪਕੇ ਹੋਏ ਨਾ ਹੋਣ ਕਿਉਂਕਿ ਤੰਗ ਕੱਪੜਿਆਂ ਵਿਚ ਜ਼ਿਆਦਾ ਪਸੀਨਾ ਆਉਂਦਾ ਹੈ ਅਤੇ ਵਾਸ਼ਪੀਕਰਨ ਸਹੀ ਢੰਗ ਨਾਲ ਨਹੀਂ ਹੁੰਦਾ, ਜਿਸ ਕਾਰਨ ਕੱਪੜਿਆਂ ਵਿੱਚੋਂ ਬਦਬੂ ਆਉਣ ਲੱਗਦੀ ਹੈ। ਸਿੰਥੈਟਿਕ ਕੱਪੜੇ ਨਾ ਪਹਿਨ ਕੇ ਸੂਤੀ ਕੱਪੜੇ ਪਹਿਨੋ ਤਾਂ ਜ਼ਿਆਦਾ ਠੀਕ ਰਹੇਗਾ। ਤਲੀਆਂ-ਭੁੰਨੀਆਂ ਤੇ ਮਸਾਲੇ ਵਾਲੀਆਂ ਚੀਜ਼ਾਂ ਨਾ ਖਾਓ। ਮੌਸਮੀ ਫਲਾਂ ਦਾ ਸੇਵਨ ਕਰੋ।

Baba Makhan Shah Lobana Foundation (Regd.) is

# Celebrating 66th Barsi of

# Sant Baba Prem Singh Ji (Murale Wale)

## *on 19/06/2016*

***at Baba Makhan Shah Lobana Bhawan, Sector-30-A, Chandigarh.***

**All members are cordially invited to attend the function.**

---

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਵੱਲੋਂ

# ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਦੀ

# 66ਵੀਂ ਬਰਸੀ *ਮਿਤੀ 19-6-2016*

*ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ ਵਿਖੇ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ।*

**ਭਵਨ ਵੱਲੋਂ ਸਾਰੇ ਮੈਂਬਰਾਂ ਅਤੇ ਲੁਬਾਣਾ ਬਰਾਦਰੀ ਨੂੰ ਪ੍ਰੋਗਰਾਮ ਵਿਚ ਪਹੁੰਚਣ ਦਾ ਹਾਰਦਿਕ ਸੱਦਾ ਹੈ।**

---

बाबा मक्खन शाह लुबाना फाऊंडेशन ( रजि. ) चंडीगढ़ की ओर से

# संत बाबा प्रेम सिंघ जी (मुराले वाले) की

# 66वीं बरसी *तिथि 19-6-2016*


को बाबा मक्खन शाह लुबाना भवन, सैक्टर-30-ए, चंडीगढ़ में बड़ी श्रद्धा से मनाई जा रही है

भवन की ओर से सभी मैंबरों और लुबाना बिरादरी को प्रोग्राम में पहुंचने का हार्दिक आमंत्रित है।

# BEWARE OF CONTAMINATED FOOD!

**Yodesh Kumar**

Most food-borne illnesses are self-limiting, but in some cases the infection may be serious, depending upon body's immunity. A wide group of pathogens can contaminate food and pose serious threat to food safety. Food can be contaminated at any time including at the time of processing in a factory or during storage. Listeriosis and toxoplasmosis are among the common food-borne illnesses which affect people around the globe.




**Listeriosis —** Listeriosis is a serious infection caused by eating food contaminated with the bacterium Listeria monocytogenes. Named after the English pionner of sterile surgery Joseph Lister, it is a Gram-positive, rod-shaped bacterium. Listeriosis mainly affects aged persons, pregnant women, newborns, and adults with weakend immune systems. It is an uncommon but fatal disease.

Symptoms or Listeriosis include fever, muscle aches and nausea and other gastrointestinal problems preceded by diarrohoea. In immune compromised persons, meningitis and septicemia are most common manifestations. The infection is of invasive type that extends beyond the gastrointestinal tract. In immune compromised persons, meningitis and septicemia are most common manifestations. The infection is of invasive type that extends beyond the gastrointestinal tract. Infection during pregnancy lead to miscarriage or premature delivery. Pregnant woman may experience fatigue and aches and may have bacteremia (Presence of bacteria in the blood), and the newborn may suffer from meningitis. Listeriosis is confirmed after isolation of the bacteria from blood, spinal fluid or amniotic fluid in case of pregnancy. Listeriosis is treated with antibiotics. However, in some cases death may occur depending upon medical condition of the patient. L. monocytogens can be found in soil, which can lead to vegetable contamination. Animals can also be carriers without failling ill and contaminate foods of animal origin like meat and dairy products.


***L.*** monocytogenes is tranwsmitted mainly through food contamination. If food processing factory is the place where the food get contaminated with L. monocytogenes then it may remain there for years and can infect food products like processed cheese and meat and smoked food that becomes a source for the bacterium and may cause further contamination. Unlike other bacteria, L. monocytogenes can grow in the refrigerator.

The best way to prevent Listeriosis is to properly wash and handle food before consumption. Since this bacterium can grow in the refregerator, the temperature of the refigerator should be maintained at $4^{o}$C or lower.

**Toxoplasmosis —** Toxoplasmosis is a food-borne disease caused by a protozoan parasite called Toxoplasma Gondii. It is one of the world's most common parasites. According to one estimate, up to 95% of some populations have been infected with Toxoplasma. Infection is often highest in regions that have hot and humid climates. The protozoan infects mostly warm-blooded animals including humans.

Cats play an important role in the spread of

toxoplasmosis. They become infected by eating infected rodents, birds, or other small animals. The parasite is then passed in the cat's faeces in an oocyst (spore) form, which is microscopic.



The most common sources of toxoplasmosis are undercooked meat, animal faeces, and transmission from mother to unborn child. T. gondii from animal faeces can contaminate soil or water, Which in turn can contaminate vegetables. There are several routes through which human can get infected by the parasite. If animals bread for human consumption are infected with spores of the parasite, it may pass them on to humans if consumed. The parasite can also infect humans through consumption of food and water from contaminated environment or rarely through transfusion of infected blood. The parasite can from tissue cysts in the human body and remain there throughout life.

Most people who become infected with Toxoplasma gondii are not aware of it. Some people who have toxoplasmosis may feel as if they have the "flu" with swollen lymph glands or muscle aches and pains that last for a month or more. An acute Toxoplasma infection may lead to severe toxoplasmosis, causing damage to the brain, eyes, or other organs. Severe cases are usually seen in individuals who have weak immune systems, though occasionally, even persons with healthy immune systems may experience eye damage from toxoplasmosis. The parasite is kown to casure subtle changes in the brain. Eye infection leads to an acute inflammatory leasion of the retina, The sympthoms include eye pain, sensitivity to light, excessive tear formation and blurred vision. If infection occurs in females during pregnancy, the infection can pass to their babies. This is called congenital infection. Most infants who get infected while still in the womb often show no symptoms at birth but may develop them later in life with potential vision loss, mental disability, and seizures. A small percentage of infected newborns have serious eye or brain damage at birth.

Toxoplasmosis is diagnosed by examination of immunoglobulin G (IgG) in blood serum. Direct observation of the parasite in stained section of tissue is also done, but it is difficult to obtain samples so it is used less frequently. The isolation of parasite from blood samples or any other body fluids is possible but it takes a lot of time. Molecular techniques such as a PCR can be useful for test of presence of DNA in amniotic fluids of infected mother. Infection of the eye is diagnosed based on lesion in eye, symptoms and serological testing.

Healthy people usually recover from the disease within a few weeks and treatment involves administration of a combination of drugs. In pregnant woman the treatment becomes difficult because the location of the parasite in the tissue makes it hard to eliminate it completely and the parasite remains there in a less active phase. for eye infections the size of eye lesion is used to determine whether medicine should be prescribed or not. For the immunosuppressed person medication is required until the condition improves, which may often be lifelong.

The risk of toxoplashmosis can be avoided by taking a few simple steps such as cooking the food to safe temperature of at least 74°C, freezing meat to sub-zero temperature before cooking, peeling or washing fruits properly before eating, washing cutting boards, dishes, counters, utensils, and hands with hot soapy water after contact with raw meat, poultry, seafood, or unwashed fruits or vegetables and wearing gloves during gardening or touching soil which may be contaminated with cat faeces.

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-5-2016 ਤੋਂ 31-5-2016

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-7989 | 07-05-2016 |
| 2. | ਗੁਪਤ ਦਾਨ | 500/- | ਐਚ-7990 | 14-05-2016 |
| 3. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-7991 | 14-05-2016 |
| 4. | ਸ. ਅਮਰਜੀਤ ਸਿੰਘ<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 500/- | ਐਚ-7992 | 14-05-2016 |
| 5. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-7993 | 14-05-2016 |
| 6. | ਸ. ਦਰਬਾਰਾ ਸਿੰਘ<br>ਮਕਾਨ ਨੰ.-130, ਸੈਕਟਰ-46 ਏ ,ਚੰਡੀਗੜ੍ਹ | 100/- | ਐਚ-7994 | 14-05-2016 |
| 7. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-7995 | 14-05-2016 |
| 8. | ਡਾ. ਕੰਵਲਜੀਤ ਸਿੰਘ<br>ਮਕਾਨ ਨੰ.-3003, ਫੇਸ-2, ਪਟਿਆਲਾ | 500/- | ਐਚ-7996 | 14-05-2016 |
| 9. | ਸ. ਹਰਭਜਨ ਸਿੰਘ ਡੀ.ਆਈ.ਜੀ.ਪੀ. (ਰਿਟਾ.) | 500/- | ਐਚ-7997 | 14-05-2016 |
| 10. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ -7998 | 14-05-2016 |
| 11. | ਮੇਜਰ ਨਿਰੰਜਨ ਸਿੰਘ ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 200/- | ਐਚ -7999 | 14-05-2016 |
| 12. | ਸ. ਦਰਸ਼ਨ ਸਿੰਘ, ਬਰਾਰਾ, ਅੰਬਾਲਾ | 200/- | ਐਚ -8000 | 14-05-2016 |
| 13. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9843 | 14-05-2016 |

| | | | | |
|---|---|---|---|---|
| 14. | ਸ੍ਰੀਮਤੀ ਸੁਰਜੀਤ ਕੌਰ<br>ਮਕਾਨ ਨੰ.-39, ਸੈਕਟਰ-16 ਏ, ਚੰਡੀਗੜ੍ਹ | 200/- | ਐਚ - 9844 | 14-05-2016 |
| 15. | ਸ. ਸੁਰਿੰਦਰ ਸਿੰਘ<br>ਮਕਾਨ ਨੰ.-3040, ਸੈਕਟਰ-47 ਡੀ, ਚੰਡੀਗੜ੍ਹ | 200/- | ਐਚ - 9845 | 14-05-2016 |
| 16. | ਸ. ਰਾਜਪਾਲ ਸਿੰਘ ਐਨ.ਏ.ਸੀ. ਮਨੀਮਾਜਰਾ | 1000/- | ਐਚ - 9846 | 14-05-2016 |
| 17. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | 500/- | ਐਚ-9847 | 14-05-2016 |
| 18. | ਸ. ਹਰਦਿਆਲ ਸਿੰਘ, ਚੰਡੀਗੜ੍ਹ | 100/- | ਐਚ-9848 | 14-05-2016 |
| 19. | ਸ੍ਰੀ ਸੁਰੇਸ਼ ਸ਼ਰਮਾ<br>ਮਕਾਨ ਨੰ.-652, ਸੈਕਟਰ-8 ਬੀ, ਚੰਡੀਗੜ੍ਹ | 1100/- | ਐਚ-9849 | 14-05-2016 |
| 20. | ਸਰਦਾਰਨੀ ਚਰਨਜੀਤ ਕੌਰ, ਨਯਾ ਗਾਓਂ | 2100/- | ਐਚ-9850 | 14-05-2016 |
| 21. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-9851 | 14-05-2016 |
| 22. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 1000/- | ਐਚ - 9852 | 14-05-2016 |
| 23. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ - 9853 | 14-05-2016 |
| 24. | ਸ. ਜਗੀਰ ਸਿੰਘ ਲਾਲੀਆ ਵਿਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-9854 | 14-05-2016 |
| 25. | ਸ. ਇੰਦਰਜੀਤ ਸਿੰਘ ਭਗਤਾਨਾ, ਚੰਡੀਗੜ੍ਹ | 200/- | ਐਚ-9855 | 14-05-2016 |
| 26. | ਸ. ਰਾਜਿੰਦਰਪਾਲ ਸਿੰਘ<br>ਮਕਾਨ ਨੰ.-3134, ਸੈਕਟਰ-38 ਡੀ, ਚੰਡੀਗੜ੍ਹ | 200/- | ਐਚ-9856 | 14-05-2016 |
| 27. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 250/- | ਐਚ-9857 | 14-05-2016 |
| 28. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 500/- | ਐਚ-9859 | 22-05-2016 |
| 29. | ਸ. ਗੁਰਜੀਤ ਸਿੰਘ ਅਤੇ ਸ. ਅਰਮਜੀਤ ਸਿੰਘ<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 500/- | ਐਚ-9860 | 22-05-2016 |

| | | | | |
|---|---|---|---|---|
| 30. | ਸ. ਸੁਰਿੰਦਰ ਸਿੰਘ | 200/- | ਐਚ - 8051 | 22-05-2016 |
| | ਮਕਾਨ ਨੰ.-3040, ਸੈਕਟਰ-47 ਡੀ, ਚੰਡੀਗੜ੍ਹ | | | |
| 31. | ਮੇਜਰ ਤਰਲੋਕ ਸਿੰਘ | 500/- | ਐਚ-8052 | 22-05-2016 |
| | ਮਕਾਨ ਨੰ.-62, ਸੈਕਟਰ-71, ਮੋਹਾਲੀ | | | |
| 32. | ਸ. ਗੁਰਚਰਨ ਸਿੰਘ, ਪ੍ਰਧਾਨ | 500/- | ਐਚ-8053 | 22-05-2016 |
| | ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | | | |
| 33. | ਮੇਜਰ ਨਿਰੰਜਨ ਸਿੰਘ ਮੁਲਤਾਨੀ | 200/- | ਐਚ -8054 | 22-05-2016 |
| | ਮਕਾਨ ਨੰ.-1089, ਫੇਸ-10, ਮੋਹਾਲੀ | | | |
| 34. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) | 500/- | ਐਚ-8055 | 22-05-2016 |
| | ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | | | |
| 35. | ਕਰਨਲ ਗੁਰਦੀਪ ਸਿੰਘ | 501/- | ਐਚ-8056 | 22-05-2016 |
| | ਮਕਾਨ ਨੰ.-62, ਸੈਕਟਰ-71, ਮੋਹਾਲੀ | | | |
| 36. | ਸ੍ਰੀ ਸੁਰੇਸ਼ ਸ਼ਰਮਾ | 500/- | ਐਚ-8057 | 22-05-2016 |
| | ਮਕਾਨ ਨੰ.-652, ਸੈਕਟਰ-8 ਬੀ, ਚੰਡੀਗੜ੍ਹ | | | |
| 37. | ਗੁਰੂ ਘਰ ਸੰਤ ਪ੍ਰੇਮ ਸਿੰਘ ਨਗਰ | 5100/- | ਐਚ-8001 | 05-05-2016 |
| | 16 ਫੀਟ ਰੋਡ, ਜਲੰਧਰ | | | 25-05-2016 |
| 38. | ਸ. ਸੁਖਦੇਵ ਸਿੰਘ | 11000/- | ਜੇ-9011 | 26-05-2016 |
| | ਪੁੱਤਰ ਕੈਪਟਨ ਧਿਆਨ ਸਿੰਘ | | | |
| | ਐਚ-1/6, ਆਦਰਸ਼ ਕਾਲੋਨੀ, ਪਟਿਆਲਾ | | | |
| 39. | ਸ. ਜਗੀਰ ਸਿੰਘ | 2100/- | ਐਚ-8058 | 31-05-2016 |
| | 39, ਗੋਲਡਨ ਐਵਨਿਉ, ਫੇਜ਼-1, | | | |
| | ਗੜ੍ਹਾ ਰੋਡ, ਜਲੰਧਰ | | | |

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# LIST OF LIFE MEMBERS OF BABA MAKHAN SHAH LOBANA FOUNDATION (REGD.), SECTOR-30-A, CHANDIGARH

| Sr. No. | Name & Address | D.O.B. | Receipt No. | Date | Amount |
|---|---|---|---|---|---|
| 1. | S. JATINDERPAL SINGH<br>S/O S. HARBHAJAN SINGH<br># 105/10, GOBIND NAGAR<br>KAITHAL -HRY, 098965-96000 | 11-09-1976 | J-9031 | 05-04-16 | 2000/- |
| 2. | S. BHUPINDER SINGH S/O<br>S. TARA SINGH<br>9-B, SAT KARTAR NAGAR,<br>JALANDHAR CITY, 98158-96096 | 16-02-1974 | H-9823 | 05-04-16 | 2000/- |
| 3. | S. BALKAR SINGH<br>S/O S. NIHAL SINGH<br># 15, FRIENDS AVENUE, MITHAPUR ROAD,<br>JALANDHAR-98724-12675 | 01-03-1954 | H-7950 | 12-04-16 | 2000/- |
| 4. | S. ANMOL SINGH LUBANA<br>S/O DR. HARMANINDER SINGH<br># 576, MOTA SINGH NAGAR,<br>JALANDHAR-144001, 81460-98098 | 02-03-1996 | J-9101 | 11-04-16 | 2000/- |
| 5. | S. AVTAR SINGH S/O<br>S. HARI SINGH<br>V & P.O. - SUNET, TEH. & DISTT-LUDHIANA,<br>141012-94177-43533 | 08-07-1973 | J-9201 | 13-04-16<br>16-04-16 | 2000/- |
| 6. | JUGRAJ SINGH GILL<br>S/O S. POORAN SINGH<br># 43, SECTOR-5, CHANDIGARH, 97792-23217 | 10-11-1925 | J-9036 | 18-04-16 | 2000/- |
| 7. | SMT. SURJIT KAUR<br>W/O DR. AJMER SINGH<br>VILL & P.O.-NANGAL LOBANA,<br>DISTT-KAPURTHALA, 99156-95531 | 04-01-1958 | J-9087 | 30-04-16 | 2000/- |
| 8. | JASPAL SINGH S/O<br>S. JANAK SINGH<br>MOHALLA-SUKHAWALA, V & P.O.-LALRU,<br>TEH.-DERA BASSI, DISTT-MOHALI-140501 | 20-04-1975 | H-7204 | 01-05-16 | 2000/- |


| | | | | | |
|---|---|---|---|---|---|
| 9. | MANJIT SINGH TANDA S/O<br>S. SWARN SINGH<br>VILL.-NAWAN SHALLA (CHAWA),<br>P.O.-TIBRI CANTT, TEH. & DISTT-GURDASPUR-143530, 98156-26658 | 10-04-1956 | H-7205 | 02-05-16 | 2000/- |
| 10. | S. NARINDER SINGH<br>S/O S. PRITAM SINGH<br>STREET NO.-5, MUKERIAN<br>DISTT-HOSHIARPUR-144211, 94172-76671 | 18-06-1953 | H-7207 | 02-05-16 | 2000/- |
| 11. | S. MALUK SINGH S/O<br>S. MUKHTIAR SINGH<br>NEW LIGHT SCHOOL, KHATINA ROAD<br>NANAK MATTA, TEH.-SITARGANG,<br>DISTT-UDHAMSINGH NAGAR-262311, 098978-40492 | 30-11-1971 | J-9151 | 05-05-16 | 2000/- |
| 12. | S. AMANDEEP SINGH<br>S/O BEANT SINGH XEN (RETD.)<br>VILL.-ATTALGARH, P.O.-MUKERIAN<br>TEH. - DASUYA, DISTT-HOSHIARPUR | | J-9045 | 14-05-16 | 2000/- |
| 13. | DAVINDERJIT SINGH<br>S/O S. SURJIT SINGH<br>FRIENDS COLONY, NEAR SHIV NAG MANDIR,<br>DHANGU ROAD, PATHANKOT-145001, 96460-19857 | 24-04-1977 | J-9048 | 16-05-16 | 2000/- |

# LIST OF LOBANA SEWAK MEMEBRS OF BMSL FOUNDATION, CHANDIGARH

| Sr. No. | Name & Address | Receipt No. | Date | Amount |
|---|---|---|---|---|
| 1. | S. Balwinder Singh<br># 491, Gali No.-6/3<br>Shaheed Baba Labh Singh Nagar, Jalandhar | J-8173 | 30-04-2016 | 1100/- |
| 2. | S. Manjit Singh Tanda<br>Vill.-Nwan Shallan (Chawa)<br>P.O.-Tibri Cantt, Teh. & Distt-Gurdaspur-143530 | H-7206 | 02-05-2016 | 1100/- |
| 3. | S. Narinder Singh Multani<br>Street No.-5, Randhawa colony<br>Mukerian, Distt-Hoshiarpur-144211 | H-7208 | 02-05-2016 | 1100/- |
| 4. | Principal Ranjit Singh<br># 5/568, Sangalpura, Gurdaspur-143521 | H-7209 | 02-05-2016 | 1100/- |



# MATRIMONIAL



**Suitable match for Doctor (MD.G) Sikh girl, born on 13-05-1988, 5’5”, Fare Parents, Permanently settled in USA, Professionally qualified, well settled Lobana Boy in USA. Contact:- 93151-00900**

*** * ***

**Suitable match for Lobana beautiful girl, Age 25 years, 5’3”, B.sc Nursing, MBA, Permanent Job at PGI Chandigarh, Father’s business at USA (New York). Lobana Boy working in tricity or nearby area preferred. Contact:- 99151-39715**

*** * ***

**Suitable match for Lobana Sikh boy, born on July, 1988, 5'8”, Bsc IT, presently working in MNC at Mohali, Father Retired, Mother Housewife, two elder sister married, Girl working in Govt. or Private Job in tricity area preferred. Send bio data with photograph.**

**E-mail- jassi.mandeep@gmail.com,**

**Whatsapp-98761-13619,Contact:-9915782619**


# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁ.ਫਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦ.ਫਤਰ ਭੇਜਣ ਦੀ ਕ੍ਰਿਪਾਲਤਾ ਕਰਨ।


ਅਦਾਰਾ ਲੁਬਾਣਾ ਸੇਵਕ

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਨਵ-ਨਿਰਮਾਣ ਫਿਜ਼ਿਉਥਰੈਪੀ ਸੈਂਟਰ ਦੇ ਅੰਦਰੂਨੀ ਅਤੇ ਬਾਹਰੀ ਵੱਖ-ਵੱਖ ਦ੍ਰਿਸ਼











Regd No. 32212/78

Postal No.-- CHD/0111/2015-17



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਬਗੀਚੀ ਦਾ ਦਿਲਕਸ਼ ਦ੍ਰਿਸ਼